# ਸਾਂਝੀ ਵਿਰਾਸਤ

ਅੰਕ 57 ਜਿਲਦ 5 1-ਅੱਸੂ 558 / 15-ਸਤੰਬਰ 2026



## ਸਾਂਝੀ ਵਿਰਾਸਤ (Shared Heritage)

## ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

# ਵਿਸ਼ਾ ਸੂਚੀ

1-ਅੱਸੂ 558 (15-ਸਤੰਬਰ 2026) ਅੰਕ


| | | | |
|---|---|---|---|
| 1 | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2 | ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ | ਪ੍ਰੋ. ਮਨਿੰਦਰ ਸਿੰਘ | 4 |
| 3 | ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ | ਇੰਜ. ਕਰਮਜੀਤ ਸਿੰਘ ਨੂਰ | 5 |
| 4 | ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ਵਿਚ ਅੱਸੂ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ | ਇੰਜ. ਕਰਮਜੀਤ ਸਿੰਘ ਨੂਰ | 6 |
| 5 | ਕਿਸ ਨੂੰ ਦਰਦ ਸੁਣਾਵਾਂ ਭਗਤ ਸਿੰਘ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 7 |
| 6 | Excerpts from Multiple Award-Winning Book Living While Human: DESTINY | Ms. Arwinder Kaur | 8 |
| 7 | ਪੰਜਾਬ ਦੀ ਵੰਡ ਤੋਂ ਪਹਿਲਾਂ ਬਣਾਈ ਅਕਾਲ ਫੌਜ: ਭਾਗ 2 | ਡਾ. ਕਾਬਲ ਸਿੰਘ | 10 |
| 8 | Calligraphy | ਸਰਦਾਰਨੀ ਮਨਿੰਦਰ ਕੌਰ | 13 |
| 9 | ਸੇਵਾ ਦੀ ਮਹਕ ਅਤੇ ਨਿਮਰਤਾ ਦੀ ਜੋਤ: ਸ੍ਰੀ ਗੁਰੂ ਅਮਰਦਾਸ ਜੀ | ਸਰਦਾਰਨੀ ਬਰਜਿੰਦਰ ਕੌਰ | 14 |
| 10 | ਵਾਰਾਂ ਭਾਈ ਗੁਰਦਾਸ ਜੀ- ਭਾਗ ਸੱਤਵਾਂ | ਸ. ਜਸਵਿੰਦਰ ਸਿੰਘ ਰੁਪਾਲ | 17 |
| 11 | ਬਾਣੀ ਜਨਮ ਸਵਾਰੇ (ਗੀਤ): ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 19 |
| 12 | ਸਿੱਖ ਪਛਾਂਣ ਤੇ ਚੁਣੌਤੀਆਂ | ਗਲੋਬਲ ਸਿੱਖ ਕੌਂਸਲ | 20 |
| 13 | ਅਧਿਆਪਕ ਦਿਵਸ ਤੇ ਵਿਸ਼ੇਸ਼-ਅਧਿਆਪਕ ਤਾਂ ਮਲਾਹ ਹੁੰਦਾ ਏ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 23 |
| 14 | ਗੁਰਬਾਣੀ ਵਿਚ ਬਿੰਦੀ, ਟਿੱਪੀ ਅਤੇ ਅੱਧਕ ਦਾ ਉਚਾਰਨ: ਭਾਗ 2 | ਸਰਦਾਰਨੀ ਤਜਿੰਦਰ ਕੌਰ | 24 |
| 15 | ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ: ਭਾਗ 3 | ਡਾ. ਤਰਲੋਕ ਸਿੰਘ ਸਹੋਤਾ | 26 |
| 16 | ਸਿਮਰਨ ਤੋਂ ਪ੍ਰਾਪਤੀਆਂ: ਭਾਗ 4 | ਸ. ਫੂਲਾ ਸਿੰਘ | 29 |
| 17 | ਗੁਰਸਿੱਖੀ ਦੇ ਪ੍ਰਚਾਰ ਲਈ ਕੁਝ ਸੁਝਾਓ | ਪ੍ਰੋਫੈਸਰ ਮਨਿੰਦਰ ਸਿੰਘ | 32 |
| 18 | ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ | ਇੰਜੀ ਕਰਮਜੀਤ ਸਿੰਘ ਨੂਰ | 35 |
| 19 | ਵਿਸ਼ਵ ਦਾ ਨਿਰਾਲਾ ਗ੍ਰੰਥ: ਗੁਰੂ ਗ੍ਰੰਥ ਸਾਹਿਬ: ਭਾਗ 1 | ਸ. ਜਸਵਿੰਦਰ ਸਿੰਘ ਰੁਪਾਲ | 37 |
| 20 | ਲੇਖਕਾਂ ਲਈ ਜਾਣਕਾਰੀ | | 38 |
| 21 | ਸੰਪਾਦਕੀ ਮੰਡਲ ਤੇ ਸਲਾਹਕਾਰ | | 39 |

# ਸੰਪਾਦਕੀ ਨੋਟ

**ਮੂਲ ਨਾਨਕਸ਼ਾਹੀ ਕੈਲੰਡਰ** ਅਨੁਸਾਰ ਅੱਸੂ ਦਾ ਮਹੀਨਾ 15 ਸਤੰਬਰ ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ ਬਦਲਦੀਆਂ ਨਹੀਂ।

ਗੁਰੂ ਅਮਰਦਾਸ ਸਾਹਿਬ ਦਾ ਜੋਤੀ ਜੋਤ ਸਮਾਉਂਣ ਅਤੇ ਗੁਰੂ ਰਾਮਦਾਸ ਸਾਹਿਬ ਦਾ ਗੁਰਗੱਦੀ ਦਿਵਸ 2 ਅੱਸੂ (16 ਸਤੰਬਰ) ਨੂੰ ਹੈ।

ਗੁਰੂ ਅੰਗਦ ਦੇਵ ਸਾਹਿਬ ਦਾ ਗੁਰਗੱਦੀ ਦਿਵਸ 4 ਅੱਸੂ (18 ਸਤੰਬਰ) ਨੂੰ ਹੈ।

ਗੁਰ ਨਾਨਕ ਸਾਹਿਬ ਦਾ ਜੋਤੀ ਜੋਤ ਸਮਾਉਂਣ ਦਿਵਸ 8 ਅਸੂ (22 ਸਤੰਬਰ) ਨੂ ਹੈ।

ਗੁਰੂ ਰਾਮਦਾਸ ਸਾਹਿਬ ਦਾ ਪ੍ਰਗਟ ਦਿਵਸ 25 ਅਸੂ (9 ਅਕਤੂਬਰ) ਨੂੰ ਹੈ।

ਕਈ ਦੇਸ਼ਾਂ ਵਿਚ 5 ਸਤੰਬਰ ਨੂੰ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ।

## ਲੇਖਕਾਂ ਲਈ ਜਾਣਕਾਰੀ

ਲੇਖਕ ਆਪਣੀਆਂ ਗੁਰਮੁਖੀ ਲਿਪੀ ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ info@sanjhivirasat.org ਈ ਮੇਲ ਤੇ ਭੇਜ ਸਕਦੇ ਹਨ। ਰਚਨਾਵਾਂ ਸੰਖੇਪ ਹੋਣ।

ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ।

ਹੋਰ ਜਾਣਕਾਰੀ ਵਿਸ਼ੇ ਸੂਚੀ ਵਿਚ ਦਸੇ ਪੰਨੇ ਅਤੇ ਵੈਬਸਾਈਟ (sanjhivirasat.org) ਤੇ ਹੈ ਜੀ।

ਲੇਖਕਾਂ ਦੇ ਸਹਿਯੋਗ ਦਾ ਧੰਨਵਾਦ ਜੀ।

ਪਾਠਕਾਂ ਅਤੇ ਲੇਖਕਾਂ ਵਲੋਂ ਸੁਝਾਵਾਂ ਲਈ ਧਨਵਾਦੀ ਹੋਵਾਂਗੇ ਜੀ।

ਕਾਬਲ ਸਿੰਘ

ਮੁੱਖ ਸੰਪਾਦਕ (ਐਡਮਿੰਟਨ, ਕੈਨੇਡਾ)

# ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ

**ੴ ਸਤਿਗੁਰ ਪ੍ਰਸਾਦਿ**

**ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥**
**ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥**
**ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥**
**ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥**
**ਦਹ ਦਿਸਿ ਸਾਖ ਹਰੀ ਹਰੀਆਵਲਾ ਸਹਜਿ ਪਕੈ ਸੋ ਮੀਠਾ॥**
**ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥**

## ਵਿਆਖਿਆ

ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਲਗਾਤਾਰ ਬਦਲ ਰਹੀ ਕੁਦਰਤ ਦੇ ਪਿਛੋਕੜ ਵਿਚ ਸਤਿਗੁਰਾਂ ਨੇ ਪ੍ਰਭੂ ਪਤੀ ਤੋਂ ਵਿਛੜੀ ਜੀਵ ਰੂਪ ਇਸਤ੍ਰੀ ਦੇ ਮਨੋਭਾਵਾਂ ਦਾ ਬੜਾ ਵੇਦਨਾਮਈ ਵਰਣਨ ਕੀਤਾ ਹੈ। ਭਾਦਰੋਂ ਦੀ ਹੁੰਮਸ ਤੇ ਗਰਮੀ ਮਗਰੋਂ ਅਸੂ ਦੀ ਸੁਹਾਵਣੀ ਰੁੱਤ ਵਿਚ ਜੀਵ ਇਸਤ੍ਰੀ ਦੇ ਮਨ ਵਿਚ ਪ੍ਰਭੂ ਮਿਲਾਪ ਦੀ ਤਾਂਘ ਪਰਬਲ ਹੁੰਦੀ ਹੈ। ਉਹ ਪ੍ਰਭੂ ਮਿਲਾਪ ਤੋਂ ਬਿਨਾ ਵਿਅਕੁਲ ਹੈ। ਸੰਸਾਰ ਦੀ ਮੋਹ ਮਾਇਆ ਵਿਚ ਗੁਆਚੀ ਹੋਈ ਅਰਦਾਸ ਕਰਦੀ ਹੈ ਕਿ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਉਸਨੂੰ ਆਪਣੇ ਨਾਲ ਮਿਲਾ ਲਏ। ਦੁਨੀਆ ਦੇ ਝੂਠੇ ਮੋਹ ਪਿਆਰ ਵਿਚ ਫੱਸ ਕੇ ਮਨੁੱਖ ਆਪਣੇ ਪ੍ਰੀਤਮ ਪ੍ਰਭੂ ਨਾਲੋਂ ਵਿਛੁੜ ਕੇ ਖੁਆਰ ਹੋ ਰਿਹਾ ਹੈ। ਪਿਲਛੀ ਤੇ ਕਾਹੀ ਦੇ ਸਫ਼ੈਦ ਬੂਰ ਵਾਂਗ ਕੇਸ ਚਿੱਟੇ ਹੋ ਗਏ ਹਨ। ਮੌਸਮ ਦੇ ਬਦਲਣ ਵਾਂਗ ਸਰੀਰ ਦਾ ਨਿੱਘ ਪਿਛੇ ਰਹਿ ਗਿਆ ਹੈ ਤੇ ਅਗਲੇ ਮੌਸਮ ਵਾਂਗ ਸਰਦੀ ਤੇ ਪਾਲੇ ਵਰਗੀ ਸਰੀਰਕ ਕਮਜ਼ੋਰੀ ਨੇ ਘੇਰ ਲਿਆ ਹੈ। ਇਹ ਤਮਾਸ਼ਾ ਵੇਖ ਕੇ ਮਨ ਘਬਰਾ ਜਾਂਦਾ ਹੈ। ਪਰੰਤੂ ਆਸ ਪਾਸ ਬਨਸਪਤੀ ਦੀਆਂ ਹਰੀਆਂ ਸ਼ਾਖਾਵਾਂ ਵੇਖ ਕੇ ਮਨ ਵਿਚ ਧੀਰਜ ਆ ਜਾਂਦਾ ਹੈ। ਜਿਹੜਾ ਜੀਵ ਅਡੋਲ ਅਵੱਸਥਾ ਵਿਚ ਪ੍ਰਭੂ ਦੁਆਰਾ ਹੋ ਰਹੇ ਪ੍ਰਵਰਤਨ ਵਿਚ ਮਨ ਨੂੰ ਟਿਕਾ ਕੇ ਅਡੋਲ ਅਵੱਸਥਾ ਵਿਚ ਰਹਿੰਦਾ ਹੈ ਉਹ ਜੀਵਨ ਦੀ ਮਿਠਾਸ ਅਨੁਭਵ ਕਰਦਾ ਹੈ। ਸਤਗੁਰਾਂ ਦੀ ਵਿਚੋਲਗੀ ਨਾਲ ਹੇ ਪਿਆਰੇ ਪ੍ਰਭੂ! ਅਸੂ ਰੂਪੀ ਇਸ ਉਮਰ ਵਿਚ ਮੇਹਰ ਕਰ ਕੇ ਮੈਨੂੰ ਆਪਣੇ ਮਿਲਾਪ ਦੀ ਦਾਤ ਬਖਸ਼ੋ।



# ਅੱਸੂ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪**

**ੴ ਸਤਿਗੁਰ ਪ੍ਰਸਾਦਿ**

**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥**
**ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥**
**ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥**
**ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥**
**ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥**
**ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥**
**ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥**
**ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥**
**ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥**

**ਵਿਆਖਿਆ**

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਅੱਸੂ ਦੇ ਮਹੀਨੇ ਰਾਹੀਂ ਪੰਚਮ ਪਾਤਸ਼ਾਹ ਉਪਦੇਸ਼ ਕਰ ਰਹੇ ਹਨ ਕਿ ਅੱਸੂ ਦੀ ਮਿੱਠੀ ਮਿੱਠੀ ਰੁੱਤ ਵਿਚ ਪ੍ਰਭੂ ਦਾ ਪ੍ਰੇਮ ਉਛਾਲੇ ਮਾਰਦਾ ਹੈ ਕਿ ਉਸ ਨੂੰ ਕਿਵੇਂ ਮਿਲਿਆ ਜਾਵੇ। ਮਨ ਅਤੇ ਤਨ ਵਿਚ ਉਸ ਦੇ ਦਰਸ਼ਨਾਂ ਦੀ ਬੜੀ ਪਿਆਸ ਲੱਗੀ ਹੈ। ਪ੍ਰਭੂ ਦੇ ਪਿਆਰੇ ਏਸ ਪ੍ਰੇਮ ਨੂੰ ਵਧਾਉਣ ਵਿਚ ਮਦਦਗਾਰ ਹੁੰਦੇ ਹਨ, ਮੈਂ ਉਨ੍ਹਾਂ ਦੀ ਚਰਨੀਂ ਲਗਾਂ। ਪ੍ਰਭੂ ਤੋਂ ਬਿਨਾਂ ਆਨੰਦ ਦੀ ਪ੍ਰਾਪਤੀ ਕਿਵੇਂ ਹੋਵੇ ਜਦੋਂ ਕੋਈ ਹੋਰ ਥਾਂ ਨਹੀਂ ਹੈ।

ਜਿਨ੍ਹਾਂ ਨੇ ਪ੍ਰਭੂ ਦੇ ਪ੍ਰੇਮ ਦਾ ਸਵਾਦ ਚੱਖ ਲਿਆ, ਉਹ ਰੱਜ ਗਏ ਹਨ। ਉਹ ਆਪਾ ਭਾਵ ਤਿਆਗ ਕੇ ਅਰਦਾਸ ਕਰਦੇ ਹਨ ਕਿ ਪ੍ਰਭੂ ਅਪਨੇ ਲੜ ਲਾਈ ਰੱਖੇ। ਜਿਨ੍ਹਾਂ ਜੀਵ-ਇਸਤ੍ਰੀਆਂ ਨੂੰ ਪ੍ਰਭੂ ਪਤੀ ਨੇ ਆਪਣੇ ਨਾਲ ਮਿਲਾ ਲਿਆ ਹੈ ਉਹ ਫਿਰ ਵਿੱਛੜ ਕੇ ਕਿਤੇ ਨਹੀਂ ਜਾਂਦੀਆਂ। ਕਿਉਂਕਿ ਪ੍ਰਭੂ ਦੀ ਸ਼ਰਨ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ। ਜਿਨ੍ਹਾਂ ਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ ਉਹ ਜੀਵ-ਇਸਤ੍ਰੀਆਂ ਸੁਖੀ ਵਸਦੀਆਂ ਹਨ।



ksnoor50@gmial.com

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ਵਿਚ ਅੱਸੂ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਅੱਸੂਆ ਵੇ!

ਦੱਸ ਕਿਵੇਂ ਮਿਲਾਂ ਮੈਂ ਪਿਆਰੜੇ ਨੂੰ,
ਬੜਾ ਮੈਨੂੰ ਚਾਅ ਤੇ ਉਮਾਹ ਹੈ।
ਆਣ ਕੇ ਮਿਲਾਵੇ,
ਮੇਰੀ ਪਿਆਸ ਨੂੰ ਬੁਝਾਵੇ ਕੋਈ।
ਤਨੋਂ ਮਨੋਂ ਮਿਲਣੇ ਦੀ ਚਾਹ ਹੈ।
ਪ੍ਰਭੂ ਦੇ ਪਿਆਰੇ ਸੰਤ ਕਰਨਗੇ ਸਹਾਇਤਾ,
ਜੇ ਚਰਨੀ ਉਨ੍ਹਾਂ ਦੇ ਲੱਗ ਜਾਵਾਂਗੇ।
ਪ੍ਰਭੂ ਤੋਂ ਬਗੈਰ ਦੂਜੀ ਥਾਂ ਹੀ ਨਹੀਂ ਹੋਰ ਕੋਈ,
ਦੱਸੋ ਫੇਰ ਸੁੱਖ ਕਿੱਥੇ ਪਾਵਾਂਗੇ।
ਚੱਖ ਲਿਆ ਰਸ ਜਿੰਨਾਂ ਪ੍ਰਭੂ ਦੇ ਪ੍ਰੇਮ ਵਾਲਾ,
ਗਏ ਤੇ ਹੋ ਗਏ ਨਿਹਾਲ ਉਹ।
ਆਪਾ ਭਾਵ ਛੱਡ ਕੇ ਤੇ ਕਰਦੇ ਨੇ ਬੇਨਤੀ,
ਜੇ ਲਾਵੇ ਲੜ ਆਪਣੇ ਦੇ ਨਾਲ ਉਹ।
ਜਿਨ੍ਹਾਂ ਨੂੰ ਪ੍ਰਭੂ ਪਤੀ ਨਾਲ ਹੈ ਮਿਲਾ ਲੈਂਦਾ,
ਸਕਦਾ ਵਿਛੋੜਾ ਕਦੇ ਪੈ ਨਹੀਂ।
ਨਾਨਕ ਆਖਦੇ ਨੇ, ਮੈਂ ਹਾਂ ਉਹਦੀ ਸ਼ਰਨ ਵਿੱਚ,
ਜੀਹਦੇ ਬਿਨਾਂ ਦੂਜਾ ਹੋਰ ਹੈ ਨਹੀਂ।
ਅੱਸੂ ਦੇ ਮਹੀਨੇ ਵਿੱਚ ਉਹੀ ਜੀਵ ਇਸਤ੍ਰੀਆਂ,
ਸੁੱਖਾਂ ਵਿੱਚ ਸਦਾ ਨੇ ਵਸੇਂਦੀਆਂ।
'ਨੂਰ' ਜਿਨ੍ਹਾਂ ਉੱਤੇ ਕਰੇ ਮੇਹਰ ਪਰਮਾਤਮਾ,
ਉਹ ਸਦਾ ਹੀ ਆਨੰਦ ਨੇ ਕਰੇਂਦੀਆਂ॥

# ਕਿਸ ਨੂੰ ਦਰਦ ਸੁਣਾਵਾਂ ਭਗਤ ਸਿੰਘ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)



ਕਿਸ ਨੂੰ ਦਰਦ ਸੁਣਾਵਾਂ ਭਗਤ ਸਿੰਘ,
ਤੇਰੇ ਦੇਸ ਪੰਜਾਬ ਦਾ।
ਪੈਰਾਂ ਦੇ ਵਿੱਚ ਰੁਲ਼ ਗਿਆ ਤੇਰਾ,
ਸੁਪਨਾ ਫੁੱਲ ਗੁਲਾਬ ਦਾ।

ਜਿਹੜੀ ਹੀਰ ਵਿਆਵਣ ਦੇ ਲਈ,
ਤੂੰ ਜਿੰਦੜੀ ਸੀ ਵਾਰੀ।
ਅੱਜ ਉਹ ਉੱਜੜੀ ਪੁੱਜੜੀ ਫਿਰਦੀ,
ਹੈ ਨੌਬਤ ਦੀ ਮਾਰੀ।
ਸਤਲੁਜ ਦੇ ਵਿੱਚ ਰੁੜ੍ਹਦੀ ਫਿਰਦੀ,
ਪੁੱਛਦੀ ਹਾਲ ਚਨਾਬ ਦਾ।
ਕਿਸ...

ਕਿਰਤੀਆਂ ਦੇ ਘਰ ਨੱਚਣਾ ਸੀ,
ਜਿਸ ਪਾ ਪੰਜੇਬਾਂ ਪੈਰੀਂ।
ਉਸ ਨਾਰ ਨੂੰ ਧੂਹ ਕੇ ਲੈ ਗਿਆ,
ਹੈ ਕੋਈ ਸਿਖਰ ਦੁਪਹਿਰੀਂ।
ਆਪਣੀ ਜੰਮਣ ਭੋਂ ਤੋਂ ਵਿਛੜੀ,
ਕਰਦੀ ਫਿਕਰ ਦੁਆਬ ਦਾ।
ਕਿਸ...

ਬਾਬੇ ਦੀ ਬਾਣੀ ਦੇ ਸੱਚੇ,
ਬੋਲ ਸੁਣੇ ਨਾ ਕੋਈ।
'ਸਰਮੁ ਧਰਮੁ ਦੋਇ ਛਪਿ ਖਲੋਏ',
ਲਾਹ ਸੁੱਟੀ ਹੈ ਲੋਈ।
ਆ ਕੇ ਹਾਲ ਤੂੰ ਵੇਖ ਤਾਂ ਕਿਧਰੇ,
ਰੁਲ਼ਦੀ ਹੋਈ ਰਬਾਬ ਦਾ।
ਕਿਸ...

ਤੇਰੇ ਦੇਸ ਦੇ ਗੱਭਰੂਆਂ ਦੀ,
ਨਸ਼ਿਆਂ ਨੇ ਹੈ ਮੱਤ ਮਾਰੀ।
ਚਿੱਟੇ ਚੂਸ ਲਿਆ ਰੱਤ ਸਾਰਾ,
ਲੱਗ ਗਈ ਨਵੀਂ ਬੀਮਾਰੀ।
ਹਰ ਪਿੰਡ ਦੇ ਵਿੱਚ ਪਹੁੰਚ ਗਿਆ,
ਹੁਣ ਖੁਲ੍ਹਾ ਨਸ਼ਾ ਸ਼ਰਾਬ ਦਾ।
ਕਿਸ...

ਤੇਰੇ ਨਾਂ ਤੇ ਹੋਣ ਸਮਾਗਮ,
ਕਰਦੇ ਨੇ ਤਕਰੀਰਾਂ,
ਹਾਰ ਗਲੇ ਵਿੱਚ ਪਾਵਣ ਦੇ ਲਈ,
ਆਉਂਦੇ ਘੱਤ ਵਹੀਰਾਂ।
'ਦੀਸ਼' ਕੋਈ ਮੁੜ ਖੋਲ੍ਹੇ ਵਰਕਾ,
ਮੋੜਿਆ ਹੋਇਆ ਕਿਤਾਬ ਦਾ।
ਕਿਸ...

## Excerpts from Multiple Award-Winning Book Living While Human
## Second Installment: DESTINY

Arwinder Kaur (Surrey, BC, Canada)



**arwinderkaurauthour.com**

My father being educated in religious studies and a respected leader within the Sikh faith, his name came up as a recommendation to fill the vacant granthi (priest) position at the Sikh temple in Queensborough (New Westminster, BC) in 1959. He was understandably reluctant because it would require him to move out to a foreign country, living alone for at least two years under a contract. If it was mutually agreeable, he could gain a permanent position, and his family could be sponsored to join him. He had heard things about life in Canada, and it was not all that positive. That it was lonely, it would be cold. People had lost their traditions; everyone worked and lived separately. He did not speak English. It was all a huge unknown, but for the sake of the children and our future, the sacrifice would have to be made. Sikhs are known to be pioneers, industrious and fearless. This would get tested now. So, in 1959, my father set out alone to a new world.

Upon arriving, it was not long before he, in fact, began to see that the stories he had heard were true. It was cold, dark, and isolated. He was very lonely. Hardly anyone came to the temple. People had lost their traditions. Most could no longer speak Punjabi, at least not very well. Most people did not maintain the required Sikh symbols, the five "Ks": Kesh (hair), Kangha (a wooden comb), Kara (an iron bracelet), Kachera (cotton underpants), and Kirpan (an iron dagger). He was horrified to see this. No one came to any services daily and on weekends, only a few people. Soon they would all be gone until the next weekend. It was like a ghost town. No hustle and bustle of the streets. No music playing on loudspeakers. No steady stream of people coming in to pay their respects or donate money or goods which the priest and family relied on. He was counting the minutes and had decided, once his two-year commitment was to end, he would not remain and would give notice of this. So shortly before that time, my father did just that. He submitted his letter to the board or committee. He gave them all the reasons listed above and included that he would never be able to earn enough money to pay for his family to join him or support them once they did. This was all true.

However, within the two years, positive change had started to happen

within the Sikh community. His presence had begun to increase attendance slowly, and some people could see he was a learned man, a leader. They recognized they needed someone exactly like him to do what he could see was needed within the community. People began to state this in conversations and feedback. They told my father that rather than quit now, it was important to stay the course and build upon the foundation that he had just started to lay. The community wanted and needed the connection to their past, their traditions, and their deep faith. These were always important to the very life and identity of the Sikh people. In fact, people were suffering because they had lost these fundamental needs in their lives. People were lost; many struggled with alcohol abuse and domestic violence. The children had no one to help show them the traditions since their parents did not know them. Well, Dadi ji (father) could certainly agree with this. They offered Dadi ji increased money (but it would be padded to immigration since even that would barely suffice). But more importantly, they would get funds raised, through the community, to pay for the family to travel to join him. I guess this (and for certain, Mom's persistence) was satisfactory to "seal the deal," and that is how we came to live with our dadi ji in Queensborough in 1962.

Excerpts of this book will be provided as a series on a monthly basis. I hope this series will lead to more community engagement, discussion and positive change. I hope you stay tuned. Any questions can be submitted to me via my website **arwinderkaurauthor.com** on the contact page.




Thank you to the distinguished panel of Canadian Sikh Study Centre.

# ਪੰਜਾਬ ਦੀ ਵੰਡ ਤੋਂ ਪਹਿਲਾਂ ਬਣਾਈ ਅਕਾਲ ਫੌਜ: ਭਾਗ 2

ਕਾਬਲ ਸਿੰਘ (ਐਡਮਿੰਟਨ)

**(ਲੜੀ ਜੋੜਨ ਲਈ ਭਾਗ 1 ਪਿਛਲੇ ਅੰਕ ਵਿਚ ਪੜਨ ਦੀ ਕਿਰਪਾ ਕਰੋ ਜੀ)**

## ਅਜਾਦ ਹਿੰਦ ਫੌਜ ਦੇ ਅਫਸਰਾਂ ਦਾ ਯੋਗਦਾਨ

ਵਧੀਆ ਫੌਜੀ ਸਿਖਲਾਈ ਦੇ ਕਾਰਨ, ਅਜਾਦ ਹਿੰਦ ਫੌਜ ਅਫਸਰਾਂ ਨੂੰ ਜਥਿਆਂ ਵਿੱਚ ਭਾਰੀ ਗਿਣਤੀ ਵਿੱਚ ਭਰਤੀ ਕੀਤਾ ਗਿਆ ਸੀ। ਦੂਜੇ ਵਿਸ਼ਵ ਯੁੱਧ ਵਿੱਚ ਆਪਣੀ ਅਸਫਲਤਾ ਦੇ ਕਾਰਨ, ਅਜਾਦ ਹਿੰਦ ਫੌਜ ਦੇ ਸਿੱਖ ਅਫਸਰਾਂ ਨੇ ਸੁਬਾਸ਼ ਚੰਦਰ ਬੋਸ ਦੀ ਧਰਮ ਨਿਰਪੱਖ ਦੇਸ਼ ਭਗਤੀ ਵਿੱਚ ਆਪਣਾ ਵਿਸ਼ਵਾਸ ਗੁਆ ਦਿੱਤਾ ਸੀ। ਨਤੀਜੇ ਵਜੋਂ, ਉਹ ਅਕਾਲ ਫੌਜ ਅਤੇ ਅਕਾਲ ਸੈਨਾ ਵਿੱਚ ਸ਼ਾਮਲ ਹੋਣ ਲਈ ਤਿਆਰ ਹੋ ਗਏ ਸਨ।

ਮਾਰਚ 1947 ਦੇ ਅਖੀਰ ਵਿੱਚ, ਸਰਦਾਰ ਸਨਮੁਖ ਸਿੰਘ ਨੇ ਅੰਮ੍ਰਿਤਸਰ ਵਿੱਚ 400 ਅਜਾਦ ਹਿੰਦ ਫੌਜ ਦੇ ਅਫਸਰਾਂ ਨੂੰ ਅਕਾਲ ਫੌਜ ਵਿੱਚ ਸ਼ਾਮਲ ਕੀਤਾ। ਮਾਝਾ, ਮਾਲਵਾ, ਦੋਆਬਾ, ਗੁੱਜਰਾਂਵਾਲਾ ਅਤੇ ਲਾਇਲਪੁਰ ਦੇ ਸਾਰੇ ਇਲਾਕੇ ਅਜਾਦ ਹਿੰਦ ਫੌਜ ਅਫਸਰਾਂ ਦੀ ਭਰਤੀ ਲਈ ਸਰਗਰਮ ਅਸਥਾਨ ਸਨ।



ਚਿਤਰ 3. ਇੱਕ ਸਿੱਖ ਜਥਾ, ਕੁਝ ਸਾਬਕਾ ਅਜਾਦ ਹਿੰਦ ਫੌਜ ਅਧਿਕਾਰੀਆਂ (ਟ੍ਰੈਂਚਕੋਟ ਪਹਿਨੇ ਹੋਏ) ਨਾਲ।

## ਅਕਾਲ ਫੌਜ ਵਿਚ ਨਿਹੰਗ ਸਿੰਘ

ਅਜਾਦੀ/ਵੰਡ ਤੋਂ ਪਹਿਲਾਂ ਦੇ ਮਹੀਨਿਆਂ ਵਿੱਚ ਬਹੁਤ ਸਾਰੇ ਹਿੰਦੂ ਅਤੇ ਸਿੱਖ ਨਿਹੰਗ ਬਣ ਗਏ ਸਨ (ਸਾਰਣੀ 1)। ਗੁਰਦਾਸਪੁਰ ਵਿੱਚ, ਅੰਦਾਜ਼ਨ 600 ਨਿਹੰਗ ਸਿੰਘ ਹਾਲ ਹੀ ਵਿੱਚ ਬਣਾਏ ਗਏ ਸਨ। ਕਸੂਰ, ਗੁਰਦਾਸਪੁਰ, ਅੰਮ੍ਰਿਤਸਰ, ਕਰਨਾਲ, ਲੁਧਿਆਣਾ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿੱਚ ਵੀ ਇਸੇ ਤਰ੍ਹਾਂ ਦੇ ਵੱਡੇ ਪੱਧਰ 'ਤੇ ਧਰਮ ਪਰਿਵਰਤਨ ਹੋਏ ਸਨ।

ਲਾਹੌਰ ਖੇਤਰ ਦੇ ਮੁੱਖ ਦਫਤਰ ਦੇ ਇੱਕ ਪੱਤਰ ਦੇ ਅਨੁਸਾਰ, ਪੰਜਾਬ ਸੀ ਆਈ ਡੀ ਨੇ ਰਿਪੋਰਟ ਦਿੱਤੀ ਕਿ ਨਿਹੰਗ ਸਿੱਖਾਂ ਦੀ ਗਿਣਤੀ ਹਾਲ ਹੀ ਵਿੱਚ ਕਾਫ਼ੀ ਵਧੀ ਹੈ। ਇਹ ਹਥਿਆਰ ਚੁੱਕ ਸਕਣ ਦੇ ਉਦੇਸ਼ ਨਾਲ ਕੀਤੇ ਜਾ ਰਹੇ ਨਕਲੀ ਧਰਮ ਪਰਿਵਰਤਨ ਦੇ ਕਾਰਨ ਮੰਨਿਆ ਜਾਂਦਾ ਹੈ। ਕਿਉਂਕਿ ਪੰਜਾਬ ਪਬਲਿਕ ਸੇਫਟੀ ਆਰਡੀਨੈਂਸ ਦੇ ਤਹਿਤ ਜਿਨ੍ਹਾਂ ਖੇਤਰਾਂ ਨੂੰ 'ਖਤਰਨਾਕ ਤੌਰ ਤੇ ਪਰੇਸ਼ਾਨ' ਵਜੋਂ ਸ਼੍ਰੇਣੀਬੱਧ ਨਹੀਂ ਕੀਤਾ ਗਿਆ ਹੈ, ਨਿਹੰਗ ਸਿੱਘਾਂ ਨੂੰ 'ਨਿਸ਼ਾਨ ਸਾਹਿਬ' (ਜਾਂ ਬਰਛਾ) ਚੁੱਕਣ ਦੀ ਇਜਾਜ਼ਤ ਹੈ।

ਇਹ ਨਿਹੰਗ ਆਬਾਦੀ ਵਿਚ ਵਾਧਾ ਦਲਾਂ ਅਤੇ ਪ੍ਰਚਾਰਕਾਂ ਦੁਆਰਾ ਬਹੁਤ ਪ੍ਰਭਾਵਿਤ ਹੋ ਰਿਹਾ ਸੀ। ਬਿਧੀ ਚੰਦ ਦਲ ਦੇ ਬਾਬਾ ਸੋਹਣ ਸਿੰਘ, ਬਾਬਾ ਦਯਾ ਸਿੰਘ ਅਤੇ ਜਥੇਦਾਰ ਤਾਰਾ ਸਿੰਘ ਸਾਰੇ ਪੰਜਾਬ ਭਰ ਵਿੱਚ ਵੱਡੇ ਪੱਧਰ 'ਤੇ ਧਰਮ ਪਰਿਵਰਤਨ ਵਿੱਚ ਲੱਗੇ ਹੋਏ ਸਨ। ਸਿਰਫ਼ 3 ਮਹੀਨਿਆਂ ਵਿੱਚ, ਬਾਬਾ ਸੋਹਣ ਸਿੰਘ ਨੇ 3151 ਹਿੰਦੂਆਂ ਅਤੇ ਸਿੱਖਾਂ ਨੂੰ ਨਿਹੰਗ ਵਜੋਂ ਦੀਖਿਆ ਦਿੱਤੀ ਸੀ। ਇਸ ਤੋਂ ਇਲਾਵਾ, ਬੁੱਢਾ ਦਲ ਨੇ ਖੁਦ 700 ਲੋਕਾਂ ਨੂੰ ਦੀਖਿਆ ਦਿੱਤੀ ਸੀ। ਇੱਕ ਅਧਿਕਾਰਤ ਅੰਦਾਜ਼ੇ ਅਨੁਸਾਰ, ਅਪ੍ਰੈਲ ਤੋਂ ਜੁਲਾਈ ਦੇ ਮਹੀਨਿਆਂ ਤੱਕ, 14,000 ਲੋਕਾਂ ਨੂੰ ਨਿਹੰਗ ਵਜੋਂ ਦੀਖਿਆ ਦਿੱਤੀ ਗਈ ਸੀ।

ਨਿਹੰਗਾਂ ਦਾ ਇੱਕ ਹਿੱਸਾ ਡੂਰਲੀ ਜਥੇ ਸਨ। ਇਹਨਾਂ ਨੂੰ ਹਾਈ ਕਮਾਂਡ ਦੁਆਰਾ ਵਿਰੋਧੀ ਪਿੰਡਾਂ ਵਿੱਚ ਡਕੈਤੀਆਂ ਕਰਕੇ ਪੈਸੇ ਇਕੱਠੇ ਕਰਨ ਦੇ ਇਰਾਦੇ ਨਾਲ ਬਣਾਇਆ ਗਿਆ ਸੀ। ਇਹਨਾਂ ਨੂੰ ਮੋਗਾ ਅਤੇ ਗੁਰਦਾਸਪੁਰ ਵਿੱਚ ਪਾਇਆ ਗਿਆ ਸੀ, ਜਿਸ ਦੇ ਵਿੱਚ 100 ਮੈਂਬਰ ਸਨ।

ਇੱਕ ਹੋਰ ਗੱਲ ਧਿਆਨ ਯੋਗ ਹੈ ਕਿ ਨਿਹੰਗ ਬਣਨਾਂ ਸਾਰੀਆਂ ਜਾਤਾਂ ਲਈ ਖੁੱਲ ਸੀ, ਜਿਸ ਵਿੱਚ ਰਾਏ ਅਤੇ ਲੁਬਾਣਾ ਸਿੱਖ ਵੱਡੀ ਗਿਣਤੀ ਵਿੱਚ ਨਿਹੰਗਾਂ ਦੀ ਅਗਵਾਈ ਕਰਦੇ ਸਨ।

ਕੰਗਣਪੁਰ, ਜਿਲਾ ਲਹੌਰ, ਬਾਬਾ ਸੋਹਣ ਸਿੰਘ ਨੇ 56 ਰਾਏ ਸਿੱਖਾਂ ਨੂੰ ਨਿਹੰਗ ਸਜਾਇਆ।

ਜਿਲਾ ਗੁਜਰਾਂਵਾਲਾ ਜਿਲਾ ਵਿਚ 30 ਸਿੱਖਾਂ ਅਮ੍ਰਿਤ ਛਕਿਆ।

ਖਰੜ, ਰੋਪੜ ਤਹਿਸੀਲ, ਜਿਲਾ ਅੰਬਾਲਾ, ਵਿਚ 400 ਸਿੱਖਾਂ ਨੇ ਜਥੇਦਾਰ ਤਾਰਾ ਸਿੰਘ ਕੋਲੋਂ ਅਮ੍ਰਿਤ ਛਕਿਆ (ਇਨ੍ਹਾਂ ਵਿਚ ਕੁਝ ਸ਼ੱਕੀ ਕਿਰਦਾਰ ਵਾਲੇ ਸਨ)।

| **ਸਾਰਣੀ 1. ਅਪ੍ਰੈਲ 1947 ਵਿਚ ਨਿਹੰਗ ਦਲਾਂ ਦੇ ਪ੍ਰਭਾਵ ਹੇਠ ਨਿਹੰਗ ਬਣੇ ਹਿੰਦੂਆਂ ਅਤੇ ਸਿੱਖਾਂ ਦੇ ਵੇਰਵੇ ਦਾ ਪਹਿਲਾ ਪੰਨਾ।** | |
|---|---|
| ਭਿਖੀਵਿੰਡ, ਜਿਲਾ ਲਹੌਰ | 100 ਸਿੱਖ ਨਿਹੰਗ ਬਣੇ, ਸੋਹਣ ਸਿੰਘ ਰਾਹੀਂ।<br>ਨੇੜਲੇ ਹੋਰ ਪਿੰਡਾਂ ਵਿਚ ਵੀ ਸਿੱਖ ਨਿਹੰਗ ਸਜੇ। |
| ਜਲੰਧਰ | 25 ਹਿੰਦੂ ਵੈਸਾਖੀ ਵਾਲੇ ਦਿਨ ਅਮ੍ਰਿਤ ਛਕ ਕੇ ਸਿੱਖ ਬਣੇ |
| ਖਾਮੋਕੇ, ਗੁਰੁਦੁਆਰਾ, ਰੋੜੀ ਸਾਹਿਬ, ਐਮੀਨਾਬਾਦ, ਜਿਲਾ ਗੁਜਰਾਂਵਾਲਾ | 500 ਨੌਜਵਾਨ ਸਿੱਖ ਨਿਹੰਗ ਸਜੇ, ਗੁਰੁਦੁਆਰਿਆਂ ਦੀ ਰਾਖੀ ਲਈ |
| ਸੁਰ ਸਿੰਘ ਝਬਾਲ, ਜਿਲਾ ਅਮ੍ਰਿਤਸਰ | 170 ਸਿੱਖ ਨਿਹੰਗ ਸਜੇ |
| ਭਿਖੀਵਿੰਡ, ਜਿਲਾ ਲਹੌਰ | ਬਾਬਾ ਸੋਹਨ ਸਿੰਘ ਨੇ ਇਸ ਖੇਤਰ ਵਿਚ 250 ਸਿੱਖ ਨਿਹੰਗ ਸਜਾਏ; ਅਤੇ ਸਿੱਖਾਂ ਨੇ ਕਸੂਰ ਤਹਿਸੀਲ (ਜਿਲਾ ਗੁਰਦਾਸਪੁਰ) ਤੇ ਰਾਏਕੋਟ (ਜਿਲਾ ਲੁਧਿਆਣਾ) ਇਲਾਕਿਆਂ ਵਿਚ ਪ੍ਰਚਾਰ ਕੀਤਾ |
| ਗੁਰੂਦੁਆਰਾ ਸਿੰਘ ਸਭਾ, ਸ਼ੇਖੂਪੁਰਾ | ਗਿਆਨੀ ਰਤਨ ਸਿੰਘ ਨੇ 30 ਹਿੰਦੂ ਨਿਹੰਗ ਸਜਾਏ |
| ਭਾਈ ਫੇਰੂ, ਜਿਲਾ ਲਹੌਰ | 105 ਸਿੱਖ ਨਿਹੰਗ ਸਜੇ |
| ਬੁਰਜ ਫੂਲਾ ਸਿੰਘ, ਅਮ੍ਰਿਤਸਰ ਸ਼ਹਿਰ | 100 ਸਿੱਖ ਨਿਹੰਗ ਬਣੇ |
| ਤਰਨਤਾਰਨ, ਅਮ੍ਰਿਤਸਰ ਜਿਲਾ | 100 ਸਿੱਖਾਂ ਅਮ੍ਰਿਤ ਛਕਿਆ |
| ਲਾਇਲਪੁਰ ਜਿਲਾ | ਬੁਢਾ ਦਲ ਦੇ ਕੁਝ ਨਿਹੰਗਾਂ ਨੇ ਲਾਇਲਪੁਰ ਜਿਲੇ ਵਿਚ ਲੋਕਾਂ ਨੂੰ ਨਿਹੰਗ ਬਣਾਉਂਣ ਲਈ ਦੌਰਾ ਕੀਤਾ ਤੇ ਬਹੁਤ ਲੋਕ ਨਿਹੰਗ ਸਜੇ |
| ਖੋਟ ਰਾਧਾ ਕਿਸ਼ਨ, ਲਹੌਰ ਜਿਲਾ | ਬਾਬਾ ਸੋਹਣ ਸਿੰਘ ਨੇ 56 ਸਿੱਖਾਂ ਨੂੰ ਨਿਹੰਗ ਸਜਾਇਆ |
| ਕੰਗਣਪੁਰ, ਲਹੌਰ ਜਿਲਾ | ਬਾਬਾ ਸੋਹਣ ਸਿੰਘ ਨੇ 56 ਰਾਏ ਸਿੱਖਾਂ ਨੂੰ ਨਿਹੰਗ ਸਜਾਇਆ |
| ਗੁਜਰਾਂਵਾਲਾ ਜਿਲਾ | 30 ਸਿੱਖਾਂ ਅਮ੍ਰਿਤ ਛਕਿਆ |
| ਰੋਪੜ ਤਹਿਸੀਲ, ਅੰਬਾਲਾ ਜਿਲਾ | ਖਰੜ ਵਿਚ 400 ਸਿੱਖਾਂ ਨੇ ਜਥੇਦਾਰ ਤਾਰਾ ਸਿੰਘ ਕੋਲੋਂ ਅਮ੍ਰਿਤ ਛਕਿਆ (ਇਨ੍ਹਾਂ ਵਿਚ ਕੁਝ ਸ਼ੱਕੀ ਕਿਰਦਾਰ ਵਾਲੇ ਸਨ) |

## ਸਰਦਾਰਨੀ ਮਨਿੰਦਰ ਕੌਰ (ਕੈਲਗਰੀ)



# ਸੇਵਾ ਦੀ ਮਹਿਕ ਅਤੇ ਨਿਮਰਤਾ ਦੀ ਜੋਤ: ਸ੍ਰੀ ਗੁਰੂ ਅਮਰਦਾਸ ਜੀ

ਸਰਦਾਰਨੀ ਬਰਜਿੰਦਰ ਕੌਰ (ਜੈਪੁਰ)

ਗੁਰੂ ਜੀ ਦੀ ਮਹਾਨਤਾ ਨੂੰ ਇਕ ਕਵੀ ਨੇ ਆਪਣੇ ਅਨਮੋਲ ਸ਼ਬਦਾਂ ਨਾਲ ਇਸ ਪ੍ਰਕਾਰ ਸਜਾਇਆ ਹੈ:

"ਗਾਗਰ ਸਿਰ ਤੇ ਰਖਨ ਵਾਲਾ
ਗੁਰੂ ਲਈ ਪਾਣੀ ਲਿਆਵਨ ਵਾਲਾ
ਦਾਸ ਗੁਰੂ ਦਾ ਅਮਰ ਇਲਾਹੀ
ਸਿੱਖ ਪੰਥ ਦੀ ਤੀਜੀ ਪਾਤਿਸ਼ਾਹੀ
ਬੇ ਓਟਾਂ ਦੀ ਓਟ ਪਿਆਰਾ
ਝਿਲਮਿਲ ਕਰਦਾ ਅਰਸ਼ੀ ਤਾਰਾ
ਬੇ ਅਦਬਾਂ ਨੂੰ ਅਦਬ ਸਿਖਾ ਕੇ
ਰਾਹ ਸੇਵਾ ਦੀ ਤੇ ਸਬਰ ਦਿਖਲਾ ਕੇ
ਡੁਬੇ ਬੇੜੇ ਪਾਰ ਲਗਾ ਕੇ
ਸਿਖੀ ਪੰਥ ਚਲਾਵਨ ਆਇਆ
ਨੂਰੀ ਬੂਟੇ ਲਾਵਨ ਆਇਆ"

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਸੰਨ 1479 ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਆਪ ਜੀ ਦੇ ਪਿਤਾ ਤੇਜ ਭਾਨ ਜੀ ਅਤੇ ਮਾਤਾ ਲਛਮੀ ਜੀ ਸਨ। ਆਪ ਜੀ ਦਾ ਵਿਆਹ ਮਾਤਾ ਮਨਸਾ ਦੇਵੀ ਜੀ ਨਾਲ ਹੋਇਆ। ਮੋਹਨ ਜੀ ਤੇ ਮੋਹਰੀ ਜੀ ਆਪ ਜੀ ਦੇ ਦੋ ਸਪੁੱਤਰ, ਅਤੇ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਆਪ ਜੀ ਦੀਆਂ ਦੋ ਸਪੁੱਤਰੀਆਂ ਸਨ।

ਆਪ ਜੀ ਹਰ ਸਾਲ ਹਰਿਦੁਆਰ ਦੀ ਯਾਤਰਾ ਤੇ ਜਾਂਦੇ ਸਨ ਅਤੇ ਸਦਾ ਹੀ ਸਚੇ ਗੁਰੂ ਦੀ ਖੋਜ ਵਿਚ ਰਹਿੰਦੇ ਸਨ। ਇਕ ਵਾਰ ਗੰਗਾ ਯਾਤਰਾ ਤੋਂ ਵਾਪਿਸ ਆਉਣ ਤੋਂ ਬਾਅਦ ਉਹਨਾ ਦੀ ਮੁਲਾਕਾਤ ਇਕ ਸਾਧੂ ਨਾਲ ਹੋਈ। ਗੁਰੂ ਅਮਰਦਾਸ ਜੀ ਨੇ ਉਸ ਸਾਧੂ ਨੂੰ ਭੋਜਨ ਕਰਵਾਇਆ। ਤੁਹਾਡਾ ਗੁਰੂ ਕੌਣ ਹੈ ਸਚੇ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਮਿਲੇਗੀ। ਸਾਧੂ ਦਵਾਰਾ ਪੁਛੇ ਇਨਾਂ ਪ੍ਰਸ਼ਨਾਂ ਨੇ ਗੁਰੂ ਜੀ ਨੂੰ ਵਿਚਲਿਤ ਕਰ ਦਿੱਤਾ।

ਅਸੀਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਬਾਰੇ ਜਾਣਦੇ ਹਾਂ। ਉਹਨਾ ਦਾ ਵਿਆਹ ਮਾਨਕ ਚੰਦ ਜੀ ਨਾਲ ਹੋਇਆ ਸੀ, ਜੋ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਰਿਸ਼ਤੇਦਾਰ ਸਨ। ਇਕ ਦਿਨ ਗੁਰੂ ਜੀ ਬੀਬੀ ਅਮਰੋ ਜੀ ਦੀ ਮਧੁਰ, ਸੁਰੀਲੀ ਆਵਾਜ਼ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਵਾਰਾ ਰਚਿਤ ਪਵਿੱਤਰ, ਪਾਵਨ ਬਾਣੀ ਦਾ ਗਾਇਨ ਸੁਨ ਕੇ ਇਤਨੇ ਪ੍ਰਭਾਵਿਤ ਹੋਏ ਕਿ ਓਹਨਾ ਨੇ ਬੀਬੀ ਅਮਰੋ ਜੀ ਨੂੰ ਇਸ ਬਾਣੀ ਬਾਰੇ ਪੁੱਛਿਆ। ਬੀਬੀ ਅਮਰੋ ਜੀ ਨੇ ਦੱਸਿਆ ਕਿ ਏਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਇਸ ਸਮੇ ਉਸ ਦੇ ਪਿਤਾ, ਸ੍ਰੀ ਗੁਰੂ ਅੰਗਦ ਦੇਵ ਜੀ ਗੁਰਗੱਦੀ ਤੇ ਬਿਰਾਜਮਾਨ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਦੀ ਇੱਛਾ ਜ਼ਾਹਿਰ ਕੀਤੀ, ਅਤੇ ਬੀਬੀ ਅਮਰੋ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ ਖਡੂਰ ਸਾਹਿਬ ਆ ਗਏ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਉਸ ਅਲੋਕਿਕ ਪ੍ਰਕਾਸ਼ ਦਾ ਅਹਿਸਾਸ ਹੋਇਆ ਜਿਸ ਦੀ ਓਹ ਖੋਜ ਕਰ ਰਹੇ ਸਨ। ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਤੇ ਨਮਸਕਾਰ ਕਰਦੇ ਹੋਏ ਕਹਿਨ ਲੱਗੇ ਕਿ ਅਜ ਅਸੀਂ ਕਿਸੇ ਰਿਸ਼ਤੇ ਦੀ ਹੈਸੀਅਤ ਨਾਲ ਨਹੀਂ ਆਏ ਹਾਂ। ਅਸੀ ਤਾਂ ਕੇਵਲ ਗੁਰੂ ਬਾਣੀ ਦਾ ਅੰਮ੍ਰਿਤ ਗ੍ਰਹਿਣ ਕਰਨ ਵਾਸਤੇ ਆਏ ਹਾਂ। ਸਾਡੇ ਤੇ ਤੁਸੀਂ ਗਿਆਨ ਦਾ ਪ੍ਰਕਾਸ਼ ਕਰੋ ਤੇ ਅਪਨਾ ਸੇਵਕ ਬਣਾ ਲੌ। "ਦਰਸ ਤੇਰੇ ਕੀ ਪਿਆਸ ਮਨ ਲਾਗੀ ਸਹਜ ਆਨੰਦ ਵਸੇ ਬੈਰਾਗੀ॥"

ਇਸ ਤੋਂ ਬਾਅਦ ਗੁਰੂ ਜੀ ਨੇ ਆਪਣਾ ਜੀਵਨ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਬਿਤਾਇਆ। ਬਿਰਧ ਅਵਸਥਾ ਵਿਚ ਸ੍ਰੀ ਗੁਰੂ

ਅਮਰਦਾਸ ਜੀ ਪਾਣੀ ਦੀ ਗਾਗਰ ਭਰ ਕੇ, ਅਪਣੇ ਸੀਸ ਤੇ ਰਖ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਵਾਸਤੇ ਲੈ ਕੇ ਆਉਂਦੇ ਅਤੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾ ਕੇ ਲੰਗਰ ਦੀ ਸੇਵਾ ਵਿਚ ਚਲੇ ਜਾਂਦੇ। ਅਨੇਕ ਤਰ੍ਹਾਂ ਦੇ ਮੌਸਮੀ ਪਰਿਵਰਤਨ ਕਦੀਂ ਆਂਧੀ, ਤੂਫ਼ਾਨ, ਬਾਰਿਸ਼ ਸਹਿੰਦੇ ਹੋਏ ਗੁਰੂ ਜੀ ਸੇਵਾ ਵਿਚ ਲੀਨ ਰਹਿੰਦੇ।

ਹੋਰ ਵੀ ਕਈ ਤਰ੍ਹਾਂ ਦੀਆਂ ਬੇਰੁਖੀਆਂ ਸਹਿਨ ਕੀਤੀਆਂ। ਪਰ ਗੁਰੂ ਜੀ ਅਪਣੇ ਨਿਯਮ ਦੀ ਪਾਲਣਾ ਕਰਦੇ ਰਹੇ। ਗੁਰੂ ਜੀ ਦੇ ਮਨ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਤੀ ਸਤਿਕਾਰ ਭਾਵਨਾ ਸੀ। ਗੁਰੂ ਜੀ ਇਕ ਦਿਨ ਪਾਣੀ ਦੀ ਭਰੀ ਹੋਈ ਗਾਗਰ ਲੈ ਕੇ ਵਾਪਿਸ ਆ ਰਹੇ ਸਨ ਤਾਂ ਰਸਤੇ ਵਿੱਚ ਠੋਕਰ ਖਾ ਕੇ ਗਿਰ ਗਏ। ਫਿਰ ਵੀ ਪਾਣੀ ਦੀ ਗਾਗਰ ਬਹੁਤ ਸੰਭਾਲ ਕੇ ਰੱਖੀ। ਓਸ ਜਗ੍ਹਾ ਤੇ ਰਹਿਣ ਵਾਲੇ ਪਰਿਵਾਰ ਦੇ ਇਕ ਸਦਸਅ ਨੇ ਗੁਰੂ ਜੀ ਨੂੰ ਕੁਛ ਅਪਸ਼ਬਦ ਬੋਲੇ। ਅਗਲੇ ਦਿਨ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ ਬਾਰੇ ਪਤਾ ਲੱਗਿਆ ਤੇ ਉਹਨਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੁਲਾਇਆ ਤੇ ਏਹ ਵਚਨ ਕਹੇ: "ਅਜ ਆਪ ਜੀ ਦੀ ਭਗਤੀ ਅਤੇ ਸੇਵਾ ਪ੍ਰਵਾਨ ਹੋ ਗਈ ਹੈ।" ਗੁਰੂ ਅੰਗਦ ਦੇਵ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ, ਸ਼ਰਧਾ ਅਤੇ ਨਿਮਰਤਾ ਤੋ ਪ੍ਰਭਾਵਿਤ ਹੋਏ ਤੇ ਸੰਨ 1552 ਵਿਚ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਸੌਂਪ ਦਿੱਤੀ।

ਇਸ ਦ੍ਰਿਸ਼ ਦਾ ਵਰਨਣ ਇਕ ਕਵੀ ਨੇ ਇਸ ਪ੍ਰਕਾਰ ਕੀਤਾ ਹੈ:

"ਅਮਰਦਾਸ ਜੀ ਦੇ ਜਾਗੇ ਭਾਗ ਦੇਖੋ

ਸਚੇ ਪਾਤਸ਼ਾਹ ਨੇ ਕੋਲ ਸਦ ਲਿਤਾ

ਗੱਦੀ ਅਪਨੀ ਉਤੇ ਬਿਠਾ ਦਿੱਤਾ

ਮੱਥਾ ਟੇਕ ਕੇ ਆਖਦੇ ਗੁਰੂ ਅੰਗਦ ਜੀ

ਅਮਰਦਾਸ ਹੈ ਮਾਨ ਨਿਮਾਣਿਆਂ ਦਾ

ਏਹੋ ਹੀ ਇਕ ਓਟ ਹੈ ਨਿਉਟਿਆਂ ਦੀ

ਸਚਾ ਤਾਣ ਹੈ ਏਹੋ ਨਿਤਾਣਿਆਂ ਦਾ"

ਇਸ ਪ੍ਰਕਾਰ ਗੁਰੂ ਅੰਗਦ ਦੇਵ ਜੀ ਨੇ ਗੁਰੂ ਸਾਹਿਬ ਨੂੰ ਬਾਰਾਂ ਬਖਸ਼ਿਸ਼ਾਂ ਦਿਤੀਆਂ। ਗੁਰੂ ਅਮਰਦਾਸ ਜੀ ਨੇ ਹੇਠ ਲਿਖੀਆਂ ਬੱਖਸ਼ਸ਼ਾਂ ਕੀਤੀਆਂ:

1. ਤੀਸਰੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਨਗਰ ਦਾ ਵਿਕਾਸ ਕੀਤਾ। ਪਾਣੀ ਦੀ ਕਮੀਂ ਪੂਰੀ ਕਰਨ ਲਈ 84 ਪੌੜੀਆਂ ਵਾਲੀ ਬੌਲੀ ਦਾ ਨਿਰਮਾਣ ਕਰਵਾਇਆ। ਸ਼ਰਧਾਲੂ ਇਹਨਾਂ ਪੌੜੀਆਂ ਤੇ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਕਰਦੇ ਅਤੇ ਪਵਿੱਤਰ ਬੌਲੀ ਵਿਚ ਇਸ਼ਨਾਨ ਕਰਦੇ।

2. ਪਹਿਲੇ ਪੰਗਤ ਫਿਰ ਸੰਗਤ ਦੇ ਸਿਧਾਂਤ ਦਾ ਪ੍ਰਚਾਰ ਕੀਤਾ। ਗੁਰੂ ਜੀ ਦੇ ਅਦੇਸ਼ ਅਨੁਸਾਰ ਸਾਰੀ ਸੰਗਤ ਨੂੰ ਜਾਤਿ ਦਾ ਭੇਦਭਾਵ ਤਿਆਗ ਕੇ ਇਕੱਠੇ ਬੈਠ ਕੇ ਭੋਜਨ ਕਰਨਾ ਜ਼ਰੂਰੀ ਸੀ। ਬਾਦਸ਼ਾਹ ਅਕਬਰ ਵੀ ਗੁਰੂ ਜੀ ਕੋਲ ਆਇਆ ਤਾਂ ਉਸ ਨੂੰ ਵੀ ਲੰਗਰ ਪੰਗਤ ਵਿਚ ਬੈਠ ਕੇ ਛਕਣ ਦੇ ਉਪਰੰਤ ਹੀ ਗੁਰੂ ਜੀ ਦੇ ਦਰਸ਼ਨ ਹੋਏ। ਇਸ ਪ੍ਰਥਾ ਨਾਲ ਊਚ ਨੀਚ, ਜਾਤਿ ਪਾਤ ਦਾ ਭੇਦਭਾਵ ਦੂਰ ਕਰਕੇ ਗੁਰੂ ਜੀ ਨੇ ਏਕਤਾ ਸਥਾਪਿਤ ਕੀਤੀ।

3. ਗੁਰੂ ਜੀ ਨੇ ਸਾਮਾਜਿਕ ਸੁਧਾਰ ਲਈ ਸਤੀ ਪ੍ਰਥਾ, ਪਰਦਾ ਪ੍ਰਥਾ ਦਾ ਵਿਰੋਧ ਕੀਤਾ।

4. ਸਿਖੀ ਦੇ ਪ੍ਰਚਾਰ ਲਈ ਗੁਰੂ ਜੀ ਨੇ 22 ਮੰਜੀਆਂ ਦੀ ਸਥਾਪਨਾ ਕੀਤੀ। ਹਰ ਮੰਜੀ ਦਾ ਇੱਕ ਮੁਖੀਆ ਹੁੰਦਾ ਸੀ ਜੋ ਕਿ ਅਪਨੇ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਦਾ ਸੀ।

5. ਧਰਮ ਪ੍ਰਚਾਰ ਲਈ ਗੁਰੂ ਸਾਹਿਬ ਨੇ ਔਰਤਾਂ ਨੂੰ ਵੀ ਦੇਸ਼ ਦੇ ਅਲਗ ਅਲਗ ਭਾਗ ਵਿਚ ਭੇਜਿਆ।

6. ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਗ੍ਰਹਿਸਥ ਜੀਵਨ ਵਿਚ ਵਿਚਰਨ ਕਰਦੇ ਹੋਏ ਰਹਿਤ ਮਰਯਾਦਾ ਅਨੁਸਾਰ ਗੁਰੂ ਸ਼ਬਦ ਨਾਲ ਜੁੜਨਾ ਹੈ।

7. ਗੁਰੂ ਜੀ ਨੇ 17 ਰਾਗਾਂ ਵਿੱਚ ਬਾਣੀ ਦਾ ਉਚਾਰਣ ਕੀਤਾ। ਗੁਰੂ ਜੀ ਦੀਆਂ 907 ਰਚਨਾਵਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਹਨ। ਆਨੰਦ ਸਾਹਿਬ ਅਤੇ ਆਨੰਦ ਕਾਰਜ ਸਮੇਂ ਗਾਇਨ ਹੋਣ ਵਾਲੀ ਬਾਣੀ ਵੀ ਸ੍ਰੀ ਗੁਰੂ ਅਮਰਦਾਸ ਜੀ ਦੀ ਹੀ ਦੇਣ ਹੈ।

ਸ੍ਰੀ ਗੁਰੂ ਅਮਰਦਾਸ ਜੀ ਬੀਬੀ ਭਾਨੀ ਜੀ ਦੇ ਗੁਰੂ ਪਿਤਾ, ਧੰਨ ਗੁਰੂ ਰਾਮਦਾਸ ਜੀ ਆਪ ਜੀ ਦੇ ਦਾਮਾਦ ਸਨ। ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦਾਦਾ ਜੀ ਸਨ।

ਗੁਰਗੱਦੀ ਸੌਂਪਨ ਦੇ ਸਮੇਂ ਸਿੱਖ ਦੀ ਯੋਗਤਾ ਅਤੇ ਲਗਨ ਨੂੰ ਦੇਖ ਕੇ ਹੀ ਗੁਰਗੱਦੀ ਤੇ ਬਿਰਾਜਮਾਨ ਕਰਦੇ ਸਨ। ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਇਕ ਪਰਿਵਰਤਨ ਹੋਇਆ। ਆਪ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਨੇ ਗੁਰੂ ਸਾਹਿਬ ਤੋਂ ਏਹ ਵਰ ਪ੍ਰਾਪਤ ਕਰ ਲਿਆ ਕਿ ਹੁਣ ਗੁਰੂ ਗੱਦੀ ਘਰ ਵਿੱਚ ਹੀ ਰਹੇਗੀ। ਗੁਰੂ ਜੀ ਨੇ ਏਹ ਵਰ ਦੇ ਕੇ ਸੁਚੇਤ ਕਰ ਦਿੱਤਾ ਕਿ ਰਹਤ ਮਰਯਾਦਾ ਦੀ ਪਾਲਣਾ ਹੋਣਾਂ ਜ਼ਰੂਰੀ ਹੈ।

1574 ਵਿਚ ਜੋਤਿ ਜੋਤ ਸਮਾਨ ਤੋਂ ਪਹਿਲਾਂ, ਗੁਰੂ ਅਮਰਦਾਸ ਜੀ ਨੇ ਅਪਨੇ ਸਭ ਤੋਂ ਯੋਗਵਾਨ ਸਿੱਖ ਭਾਈ ਜੇਠਾ ਜੀ ਨੂੰ ਗੁਰਗੱਦੀ ਤੇ ਬਿਰਾਜਮਾਨ ਕੀਤਾ। ਜੋ ਕਿ ਗੁਰੂ ਰਾਮਦਾਸ ਜੀ ਕਹਿਲਾਏ।

**"ਭਲੇ ਅਮਰਦਾਸ ਗੁਣ ਤੇਰੇ॥ ਤੇਰੀ ਉਪਮਾ ਤੋਹੇ ਬਨ ਆਵੇ॥"**

# ਵਾਰਾਂ ਭਾਈ ਗੁਰਦਾਸ ਜੀ- ਭਾਗ ਸੱਤਵਾਂ

ਜਸਵਿੰਦਰ ਸਿੰਘ ਰੁਪਾਲ (9814715796)

## ਮੂਲ ਪਾਠ

**"ਕਲਿਜੁਗੁ ਚਉਥਾ ਥਾਪਿਆ ਸੂਦ੍ਰ ਬਿਰਤਿ ਜਗੁ ਮਹਿ ਵਰਤਾਈ॥**

**ਕਰਮ ਸੁ ਰਿਗਿ ਜੁਜਰ ਸਿਆਮ ਕੇ ਕਰੇ ਜਗਤੁ ਰਿਦਿ ਬਹੁ ਸੁਕਚਾਈ॥**

**ਮਾਇਆ ਮੋਹੀ ਮੇਦਨੀ ਕਲਿ ਕਲਿ ਵਾਲੀ ਸਭ ਭਰਮਾਈ॥**

**ਉਠੀ ਗਿਲਾਨਿ ਜਗਤ ਵਿਚਿ ਹਉਮੈ ਅੰਦਰਿ ਜਲੈ ਲੁਕਾਈ॥**

**ਕੋਇ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ॥**

**ਭਏ ਬਿਅਦਲੀ ਪਾਤਸ਼ਾਹ ਕਲਿ ਕਾਤੀ ਉਮਰਾਇ ਕਸਾਈ॥**

**ਰਹਿਆ ਤਪਾਵਸੁ ਤ੍ਰਿਹੁ ਜੁਗੀ ਚਉਥੇ ਜੁਗ ਜੋ ਦੇਇ ਸੁ ਪਾਈ॥**

**ਕਰਮ ਭ੍ਰਿਸਟਿ ਸਭਿ ਭਈ ਲੋਕਾਈ॥੭॥"**

## ਸਰਲ ਅਰਥ

ਇਸ ਪਉੜੀ ਵਿੱਚ ਕਲਿਜੁੱਗ (ਕਲਿ ਕਲੇਸ਼ ਵਾਲਾ ਜੁੱਗ) ਦਾ ਹਾਲ ਦੱਸ ਰਹੇ ਹਨ। ਤਿੰਨ ਜੁੱਗਾਂ ਦੀ ਗੱਲ ਪਹਿਲਾਂ ਆ ਚੁੱਕੀ ਹੈ। ਭਾਈ ਸਾਹਿਬ ਆਖਦੇ ਹਨ ਕਿ ਪਰਮਾਤਮਾ ਨੇ ਚੌਥਾ ਜੁੱਗ ਕਲਿਜੁੱਗ ਬਣਾਇਆ ਅਤੇ ਇਸ ਵਿਚ ਸ਼ੂਦਰ ਬਿਰਤੀ ਵਰਤਾ ਦਿੱਤੀ।ਭਾਵ ਇਮਾਨਦਾਰੀ ਛੱਡ ਕੇ ਪਰਾਇਆ ਹੱਕ ਖਾਣ ਲੱਗੇ। ਰਿਗਵੇਦ, ਜਜੁਰ ਵੇਦ ਅਤੇ ਸਾਮ ਵੇਦ ਦੇ ਦੱਸੇ ਗਏ ਕਰਮ ਕਰਨ ਤੋਂ ਜਨਤਾ ਸੰਕੋਚ ਕਰਨ ਲੱਗੀ। ਕਿਉਂਕਿ ਉਸ ਨੂੰ ਲੱਗਿਆ ਕਿ ਇਸਦਾ ਫਲ ਬਹੁਤ ਦੇਰ ਨਾਲ ਮਿਲਦਾ ਹੈ। ਸਾਰੀ ਸ੍ਰਿਸ਼ਟੀ ਨੂੰ ਮਾਇਆ ਨੇ ਮੋਹ ਲਿਆ ਅਤੇ ਉਹ ਕਲਿਜੁਗ ਦੀ ਕਲੇਸ਼ ਵਾਲੀ  ਕਿਰਿਆ ਵਿੱਚ ਭਰਮਾਈ ਗਈ। ਸਾਰੀ ਦੁਨੀਆ ਵਿਚ ਗਿਲਾਨੀ ਛਾ ਗਈ ਅਤੇ ਲੋਕ ਹਉਮੈ ਵਿਚ ਸੜਨ ਲੱਗੇ। ਕੋਈ ਕਿਸੇ ਨੂੰ ਮੰਨਦਾ ਨਹੀਂ ਅਤੇ ਊਚ ਨੀਚ ਦੀ ਸਭ ਮਰਯਾਦਾ ਭੁਲਾ ਕੇ ਸਭ ਆਪੋ ਆਪਣੀ ਪੂਜਾ ਕਰਵਾਉਣ ਵਿਚ ਰੁੱਝ ਗਏ। ਪਾਤਸ਼ਾਹ ਅਨਿਆਇ ਕਰਨ ਵਾਲੇ ਹੋ ਗਏ, ਕਲਿਜੁੱਗ ਕੈਂਚੀ ਅਤੇ ਮੁਸਾਹਬ ਕਸਾਈ ਹੋ ਗਏ। ਭਾਵ ਪਰਜਾ ਬੱਕਰੀ ਨੂੰ ਝਟਕਾਉਣ ਲੱਗ ਪਈ। ਤਿੰਨਾਂ ਜੁਗਾਂ ਦਾ ਹੀ ਧਰਮ ਰਹਿ ਗਿਆ। ਚੌਥੇ ਜੁੱਗ ਵਿਚ (ਕਲਿਜੁੱਗ ਵਿੱਚ) ਜਿਹੜਾ ਕਿਸੇ ਨੂੰ ਦੇਵੇ ਸੋ ਉਸ ਤੋਂ ਲਵੇ। ਸਾਰੀ ਦੁਨੀਆਂ ਸ਼ੁਭ ਕਰਮਾਂ ਤੋਂ ਭ੍ਰਿਸ਼ਟ ਹੋ ਗਈ।

## ਇਸਤੇ ਵਿਚਾਰ

**ਕਲਿਜੁੱਗ ਨੂੰ ਕਲਹ ਕਲੇਸ਼ ਦਾ ਜੁੱਗ ਆਖਿਆ ਜਾਂਦਾ ਹੈ ਇਸ ਵਿਚ ਲੋਕ ਧਰਮ ਕਰਮ ਦੇ ਪਵਿੱਤਰ ਕਾਰਜ ਭੁਲਾ ਕੇ ਹਉਮੈ ਅਤੇ ਮਾਇਆ ਵਿਚ ਗ੍ਰਸੇ ਗਏ। ਰਾਜੇ ਨਿਆਂ ਦੇਣ ਤੋਂ ਹਟ ਗਏ ਅਤੇ ਸਾਰੀ ਦੁਨੀਆਂ ਸ਼ੁਭ ਕਾਰਜਾਂ ਤੋਂ ਦੂਰ ਰਹਿਣ ਲੱਗੀ। ਗੁਰਬਾਣੀ ਵਿਚ ਵੀ ਕਲਿਜੁੱਗ ਦੇ ਇਸ ਵਰਤਾਰੇ ਦਾ ਜਿਕਰ ਆਇਆ ਹੈ।**

## ਗੁਰਬਾਣੀ ਫੁਰਮਾਨ

**"ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥"** (ਪੰਨਾ ੧੬੧, ਗਉੜੀ ਗੁਆਰੇਰੀ ਮਹਲਾ ੩)

**"ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ॥"** (ਪੰਨਾ ੩੬੬, ਰਾਗੁ ਆਸਾ ਘਰੁ ੨ ਮਹਲਾ ੪)

**"ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ॥"** (ਪੰਨਾ ੪੪੬, ਆਸਾ ਮਹਲਾ ੪)

**"ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ॥"** (ਪੰਨਾ ੧੨੮੫,ਸਲੋਕ ਮ: ੩)

**"ਹਮ ਕਹੀਅਤ ਕਲਿਜੁਗ ਕੇ ਕਾਮੀ॥"** (ਪੰਨਾ ੭੧੦, ਜੈਤਸਰੀ ਬਾਣੀ ਭਗਤਾ ਕੀ)

**"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥"** (ਪੰਨਾ ੧੪੫, ਸਲੋਕ ਮ :੧)

**"ਕਲਿ ਕਾਲਖ ਅੰਧਿਆਰੀਆ॥ ਗੁਰ ਗਿਆਨ ਦੀਪਕ ਉਜਿਆਰੀਆ॥"** (ਪੰਨਾ ੨੧੦, ਗਉੜੀ ਮਹਲਾ ੫)

**"ਮਾਇਆ ਮੋਹੁ ਜਗਤੁ ਸਬਾਇਆ॥ ਤ੍ਰੈ ਗੁਣ ਦੀਸੈ ਮੋਹੇ ਮਾਇਆ॥"** (ਪੰਨਾ ੧੨੯, ਮਾਝ ਮਹਲਾ ੩)

ਜੁੱਗਾਂ ਦੀ ਇਸ ਪ੍ਰਚੱਲਿਤ ਵੰਡ ਅਨੁਸਾਰ ਕਲਿਜੁੱਗ ਵਿੱਚ ਵਿਚ, ਹਉਮੈ, ਲਾਲਚ ਆਦਿ ਵਰਗੇ ਵਿਕਾਰ ਸਭ ਨਾਲੋਂ ਵੱਧ ਹਨ। ਮਾਇਆ ਦਾ ਪਸਾਰਾ ਸਭ ਤੋਂ ਵੱਧ ਸੀ। ਲੋਕਾਂ ਦੇ ਦਿਲਾਂ ਵਿਚੋਂ ਧਰਮ ਕਰਮ ਵਰਗੇ ਪਵਿੱਤਰ ਭਾਵ ਅਲੋਪ ਹੋ ਰਹੇ ਸਨ। ਸਾਰੀ ਦੁਨੀਆ ਹੀ ਕਰਮਾਂ ਦੇ ਪੱਖੋਂ ਭ੍ਰਿਸ਼ਟ ਸੀ ਭਾਵ ਕਿਸੇ ਦੇ ਵੀ ਕਰਮ ਵਧੀਆ ਨੇਕ ਅਤੇ ਪਵਿੱਤਰ ਨਹੀਂ ਸਨ। ਅਜਿਹੇ ਸਮੇਂ ਗੁਰੂ ਨਾਨਕ ਜੀ ਦਾ ਜਨਮ ਹੋਇਆ ਸੀ, ਜਿਸ ਦਾ ਜਿਕਰ ਅਗਲੀਆਂ ਪਉੜੀਆਂ ਵਿਚ ਆਏਗਾ।

# ਬਾਣੀ ਜਨਮ ਸਵਾਰੇ (ਗੀਤ): ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

ਗੁਰਦੀਸ਼ ਕੌਰ ਗਰੇਵਾਲ (ਕੈਲਗਰੀ, 403 404 1450)

ਬਾਣੀ ਹੈ ਇਹ 'ਧੁਰ ਕੀ ਬਾਣੀ', ਬਾਣੀ ਜਨਮ ਸਵਾਰੇ।

ਬਾਣੀ ਸਭ ਦੁੱਖਾਂ ਦਾ ਦਾਰੂ, ਦੁੱਖ ਸੰਤਾਪ ਉਤਾਰੇ।

ਗੁਰੂਆਂ ਭਗਤਾਂ ਦੀ ਇਹ ਬਾਣੀ
ਤਾਹੀਉਂ ਕਹਿੰਦੇ ਨੇ ਗੁਰਬਾਣੀ
ਪੜ੍ਹੇ ਸੁਣੇ ਜੋ ਮਨ ਚਿੱਤ ਲਾ ਕੇ
ਕਰਦੀ ਵਾਰੇ ਨਿਆਰੇ।
ਬਾਣੀ ਹੈ ...

ਬਾਣੀ ਸੱਚਾ ਰਾਹ ਦਿਖਲਾਵੇ
ਊਚ ਨੀਚ ਦਾ ਭੇਦ ਮਿਟਾਵੇ
ਇੱਕੋ ਦਾਤਾ ਸਭ ਜੀਆਂ ਦਾ
ਬਾਣੀ ਸੱਚ ਉਚਾਰੇ ।
ਬਾਣੀ ਹੈ ...

ਕੁੱਜੇ ਪਾਇਆ ਗਿਆਨ ਸਮੁੰਦਰ
ਚੌਦਾਂ ਸੌ ਤੀਹ ਪੰਨਿਆਂ ਅੰਦਰ
ਵੱਖੋ ਵੱਖ ਰਾਗਾਂ ਵਿੱਚ ਬਾਣੀ
ਸਾਜੀ ਪੰਚਮ ਪਿਆਰੇ।
ਬਾਣੀ ਹੈ ...

ਬਾਣੀ ਦੇ ਲੜ ਜਿਹੜਾ ਲੱਗੇ
ਕੋਈ ਵਿਕਾਰ ਨਾ ਉਸਨੂੰ ਠੱਗੇ
ਸਾਚੀ ਬਾਣੀ ਨੇ ਤਾਂ ਪਾਪੀ
ਕੌਡੇ ਕਈ ਸੁਧਾਰੇ।
ਬਾਣੀ ਹੈ ...

ਬਾਣੀ ਰੰਬਾ ਮਨ ਦਾ ਚੰਡੇ
ਬਾਣੀ ਸਭ ਨੂੰ ਖੁਸ਼ੀਆਂ ਵੰਡੇ
ਬਾਣੀ ਵਰਖਾ ਸੁੱਖਾਂ ਦੀ ਕਰ
ਤਪਦੇ ਹਿਰਦੇ ਠਾਰੇ।
ਬਾਣੀ ਹੈ ...

ਬਾਣੀ ਤਾਈਂ ਪਿਆਰ ਕਰਾਂ ਮੈਂ
ਬਾਣੀ ਦਾ ਸਤਿਕਾਰ ਕਰਾਂ ਮੈਂ
'ਦੀਸ਼' ਕਹੇ ਬਾਣੀ ਦੇ ਵਿਚੋਂ
ਹੁੰਦੇ ਗੁਰੂ ਦੀਦਾਰੇ।
ਬਾਣੀ ਹੈ ਇਹ ...

# ਸਿੱਖ ਪਛਾਣ ਤੇ ਚੁਣੌਤੀਆਂ

## ਗਲੋਬਲ ਸਿੱਖ ਕੌਸਲ 5 ਭਾਦੋਂ 558 (20 ਅਗਸਤ 2026) ਵੈਬੀਨਾਰ

ਵਿਦਵਾਨਾ ਦੇ ਵਿਚਾਰਾਂ ਦਾ ਸੰਖੇਪ (ਕਾਬਲ ਸਿੰਘ, ਗੁਲਬਰਗ ਸਿੰਘ ਬਾਸੀ)

### ਸਿੱਖ ਪਛਾਣ ਦਾ ਪਿਛੋਕੜ

ਸਿੱਖਾਂ ਨਾਲ ਜੁੜੀ ਕੁਦਰਤੀ ਸਰੂਪ ਦੀ ਬਾਹਰੀ ਵਿਲੱਖਣਤਾ, ਭਾਰਤੀ ਸਮਾਜ ਨਾਲ ਜੁੜੀ ਹੈ। ਤਕਰੀਬਨ 100 ਸਾਲ ਪਹਿਲਾਂ ਇਥੇ ਸਾਰੇ ਧਰਮਾਂ ਵਾਲੇ ਪੱਗ ਬੰਨਦੇ ਸਨ ਤੇ ਕੇਸਾਧਾਰੀ ਵੀ ਸਨ। ਅਜਕਲ ਵੀ ਵਿਆਹ ਤੇ ਕੁਝ ਹੋਰ ਖਾਸ ਮੌਕਿਆਂ ਤੇ ਸਭ ਧਰਮਾਂ ਦੇ ਲੋਕ ਪੱਗ ਬੰਨਦੇ ਹਨ। ਕਿਸੇ ਵੇਲੇ ਦਸਤਾਰ ਸਜਾਉਣੀ ਇਕ ਸ਼ਾਨ ਦੀ ਨਿਸ਼ਾਂਨੀ ਸੀ।

ਹਿੰਦੂ ਮਤ ਅਨੁਸਾਰ ਦਸਤਾਰ ਸਭ ਲਈ ਸੀ, ਪਰ ਦਲਿਤਾਂ ਨੂੰ ਮਨਾਹੀ ਸੀ। ਮੁਗਲਾਂ ਵੇਲੇ ਮੁਸਲਮਾਨਾਂ ਤੋਂ ਬਿਨਾ ਦਸਤਾਰ ਸਜਾਉਣ ਦੀ ਮਨਾਹੀ ਸੀ।

### ਸਿੱਖ ਪਛਾਂਣ ਗੁਰੂ ਸਾਹਿਬਾਂ ਦੀ ਦੇਣ

ਗੁਰੂ ਜੀ ਵਲੋਂ ਸਾਨੂੰ ਕੁਦਰਤੀ ਅਸੂਲ ਪਾਲਣ ਦਾ ਹੁਕਮ ਹੈ। ਕੇਸ ਤੇ ਦਸਤਾਰ ਗੁਰੂ ਦੀ ਦਾਤ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੇਸ ਪੰਜ ਕਕਾਰਾਂ ਦਾ ਹਿਸਾ ਬਣਾ ਦਿਤਾ, ਜਿਸ ਲਈ ਦਸਤਾਰ ਜਰੂਰੀ ਬਣ ਗਈ।

ਜਪੁਜੀ ਸਾਹਿਬ ਵਿਚ ਸੁਣਨ ਤੇ ਮੰਨਣ ਸਬੰਧੀ ਪੌੜੀਆਂ ਹਨ। ਸ਼ਹੀਦਾਂ ਨੂੰ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇਂ ਅੰਦਰੋਂ ਮਨ ਲਿਆ। ਸੋਚਣ ਦੀ ਲੋੜ ਹੈ ਕਿ ਅਸੀਂ ਸਿੱਖੀ ਜੀਵਨ ਵਿਚ ਕਿਨੇ ਪਰਪੱਕ ਹਾਂ। "**ਗੁਰ ਮਿਲ ਚਜ ਅਚਾਰ ਸਿਖ**"

ਸਾਡੀ ਪਹਿਚਾਣ ਸੱਚ ਤੇ ਹੈ। ਦਸਵੇਂ ਗੁਰੂ ਸਾਹਿਬ ਨੇ ਖਾਲਸਾ ਨੂੰ ਅਜਾਦ ਹਸਤੀ ਤੇ ਨਿਰਗੁਣ ਤੇ ਸਰਗੁਣ ਸਰੂਪ ਵਿਚ ਅਕਾਲ ਪੁਰਖ ਦਾ ਸੰਤ ਸਿਪਾਹੀ ਬਣਾਇਆ ਤੇ ਪੰਜ ਕਕਾਰਾ ਦਾ ਧਾਰਨੀ ਬਣਾਇਆ। ਇਸ ਲਈ ਬਾਹਰੀ ਸਿੱਖੀ ਸਰੂਪ ਸੰਭਾਲਣਾਂ ਸ਼ੁਰੂ ਤੋਂ ਹੈ, ਜਿਸ ਨੂੰ ਦਸਵੇਂ ਗੁਰੂ ਸਾਹਿਬ ਨੇ ਹੋਰ ਪਰਪੱਕ ਕਰ ਦਿੱਤਾ।

### ਸਿੱਖ ਪਛਾਂਣ ਦੇ ਕੁਝ ਚੰਗੇ ਪੱਖ

ਭਾਰਤ ਦੇ ਬਹੁਤ ਸ਼ਹਿਰਾਂ ਵਿਚ ਸੁਣਨ ਨੂੰ ਮਿਲਦਾ ਸੀ ਕਿ ਇਸਤਰੀਆਂ ਦਸਤਾਰ ਵਾਲੇ ਟੈਕਸੀ ਡਰਾਇਵਰਾਂ ਨਾਲ ਸਫਰ ਕਰਦਿਆਂ ਆਪ ਨੂੰ ਜਿਆਦਾ ਸੁਰਖਿਅਤ ਸਮਝਦੀਆਂ ਸਨ। ਕਈ ਵਾਰ ਜੱਜ ਦਸਤਾਰ ਵਾਲੇ ਇਕ ਸਿੱਖ ਦੀ ਗਵਾਹੀ ਅਨੁਸਾਰ ਹੀ ਫੈਸਲਾ ਸੁਣਾ ਦੇਂਦੇ ਸਨ। ਥੋੜੇ ਸਾਲ ਪਹਿਲਾਂ ਇਕ ਡਾਕਟਰ ਦੀ ਬੇਪੱਤੀ ਤੋਂ ਬਾਅਦ ਮੌਤ ਸਬੰਧਤ ਪ੍ਰਵਾਰ ਵਲੋਂ ਕਿਹਾ ਗਿਆ ਕਿ ਜੇਕਰ ਕੋਈ ਸਿੱਖ ਹਸਪਤਾਲ ਵਿਚ ਹੁੰਦਾ ਤਾਂ ਸ਼ਾਇਦ ਸਾਡੀ ਬੱਚੀ ਠੀਕ ਰਹਿੰਦੀ। ਹੁਣੇ ਦਿੱਲੀ ਵਿਚ ਕਾਕਰੋਚ ਜਨਤਾ ਪਾਰਟੀ ਦੀਆਂ ਬੱਚੀਆਂ ਦੇ ਬਿਆਨ ਸਨ ਕਿ ਗੁਰਦੁਆਰੇ ਸੁਰੱਖਤ ਸਨ, ਪਰ ਬਾਕੀ ਧਰਮ ਅਸਥਾਨ ਨਹੀਂ।

ਸਿੱਖ ਕੌਮ ਨੇ ਆਪਣੀ ਦੁਨੀਆਂ ਵਿਚ (0.03%) ਅਬਾਦੀ ਓਨੁਸਾਰ ਸਭ ਤੋਂ ਵੱਧ ਮਾਨਵਤਾ ਲਈ ਲਹੂ ਦਿਤਾ ਹੈ।

ਗੁਰਬਾਣੀ ਵਿਚ ਲਿੰਗ ਬਰਾਬਰੀ ਦਾ ਸੰਦੇਸ਼ ਹੈ। ਜਦ ਕਿ ਕਈ ਮੰਦਰਾਂ, ਮਸਜਦਾਂ ਤੇ ਚਰਚਾਂ ਵਿਚ ਅਜ ਵੀ ਇਕੱਲੀ ਇਸਤਰੀ ਨਹੀਂ ਜਾ ਸਕਦੀ। ਮਹਾਰਾਜਾ ਦਲੀਪ ਸਿੰਘ ਦੀ ਸੰਤਾਨ ਨੇ ਇੰਗਲੈਡ ਵਿਚ ਇਸਤਰੀਆਂ ਦੀ ਬਰਾਬਰੀ ਲਈ ਸੰਘਰਸ਼ ਵਿਚ ਉਘਾ ਯੋਗਦਾਨ ਪਾਇਆ।

## ਚੁਣੌਤੀਆਂ

ਕਿਸੇ ਵੇਲੇ ਸਿੱਖਾਂ ਦੇ ਸਿਰਾਂ ਦੇ ਮੁਲ ਵੀ ਪੈਂਦੇ ਰਹੇ ਸਨ।

ਕਈ ਵਾਰ ਬਾਹਰਲੇ ਸਰੂਪ, ਪੱਗ ਤੇ ਕੇਸ, ਲਈ ਨਫਰਤ ਅਤੇ ਮਖੌਲ ਦਾ ਵੀ ਸਾਹਮਣਾਂ ਕਰਨ ਕਰਨਾਂ ਪੈਂਦਾ ਹੈ। ਇਸ ਦਾ ਔਰਤਾਂ ਨਾਲੋਂ ਮਰਦਾਂ ਨੂੰ ਜਿਆਦਾ ਸਾਹਮਣਾਂ ਕਰਨਾ ਪੈਦਾ ਹੈ।

ਕਈ ਵਾਰ ਭਾਰਤ ਤੋਂ ਬਾਹਰ ਨੌਕਰੀਆਂ, ਖਾਸ ਕਰਕੇ ਪੇਸ਼ੇਵਾਰ, ਲਈ ਪੱਗ ਕਾਰਨ ਮੁਸ਼ਕਲ ਆਉਂਦੀ ਹੈ। ਇਸ ਲਈ ਕੁਝ ਸਿੱਖ ਪੱਗ ਲਾਹ ਦੇਂਦੇ ਹਨ।

ਅਜਕਲ ਕੁਝ ਸਿੱਖ ਕੁਰਸੀ ਲਈ ਵਿਕਾਊ ਦਿਸਦੇ ਹਨ ਤੇ ਸਿੱਖ ਰਿਸ਼ਵਤਖੋਰੀ ਵਿਚ ਵੀ ਫਸੇ ਹਨ। ਨਾਲ ਹੀ ਭੇਖੀ ਸਿੱਖ ਦਸਤਾਰ ਵਰਤ ਕੇ ਸਿੱਖੀ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਕਰਦੇ ਹਨ। ਉਦਾਸੀ, ਨਿਰਮਲੇ ਵਿਚਾਰਾਂ ਵਾਲੇ ਪ੍ਰਚਾਰਕ, ਡੇਰਿਆਂ ਵਾਲੇ ਬਾਬੇ ਤੇ ਰਾਜਨੀਤਕ ਵੀ ਸਿੱਖੀ ਅਤੇ ਸਿੱਖ ਅਸਥਾਨਾਂ ਤੇ ਸੰਸਥਾਵਾਂ ਨੂੰ ਢਾਹ ਲਾ ਰਹੇ ਹਨ। ਇਸ ਲਈ ਸਿੱਖ ਅਸਥਾਂਨਾਂ ਤੇ ਸੰਸਥਾਵਾਂ ਨੂੰ ਇਨ੍ਹਾਂ ਤੋਂ ਬਚਾਉਣ ਦੀ ਲੋੜ ਹੈ।

ਗੁਰਬਾਣੀ ਵਿਚ ਬਹੁਤ ਭਾਸ਼ਾਵਾਂ ਗੁਰਮੁਖੀ ਲਿਪੀ ਵਿਚ ਲਿਖਿਆਂ ਹਨ। ਪਰ ਅਜਕਲ, 1967 ਦੇ ਪੰਜਾਬੀ (ਗੁਰਮੁਖੀ) ਬਾਰੇ ਕਨੂੰਨ ਹੁੰਦਿਆਂ ਵੀ ਪੰਜਾਬ ਵਿਚ ਜਿਆਦਾ ਕੰਮ ਹਿੰਦੀ ਜਾਂ ਇੰਗਲਿਸ਼ ਵਿਚ ਹੁੰਦਾ ਹੈ।

ਪਿਛਲੇ ਕੁਝ ਸਾਲਾਂ ਵਿਚ ਸਾਡਾ ਖਾਣਾਂ, ਪੀਣਾਂ, ਬੋਲੀ, ਜੀਵਨ ਰਹਿਣੀ ਬਦਲ ਰਹੀ ਹੈ। ਸਿੱਖਾਂ ਨੂੰ ਇਨ੍ਹਾਂ ਚੀਜਾਂ ਤੋਂ ਸਾਵਧਾਨ ਰਹਿਣ ਦੀ ਲੌੜ ਹੈ।

ਬੱਚੇ ਸਿੱਖੀ ਨਾਲੋਂ ਟੁਟ ਰਹੇ ਹਨ। ਬਚਿਆਂ ਦੇ ਵਿਆਹ ਸਿੱਖ ਪ੍ਰਵਾਰਾਂ ਵਿਚਕਾਰ ਹੀ ਹੋਣ ਦੀਆਂ ਚੁਣੌਤੀਆਂ ਹਨ। ਨਸ਼ਿਆਂ ਦਾ ਪ੍ਰਭਾਵ ਵਧ ਰਿਹਾ ਹੈ।

ਅਜਕਲ ਬਹੁਤੇ ਸਿੱਖ ਅਖਵਾਉਣ ਵਾਲੇ ਗੁਰੂ ਸਾਹਿਬਾਂ ਤੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ, ਗੁਰੂਦੁਆਰੇ ਜਾਂਦੇ ਹਨ ਅਤੇ ਪਾਠ ਕਰਦੇ ਤੇ ਕਰਵਾਉਂਦੇ ਹਨ, ਪਰ ਮਜਾਰਾਂ ਤੇ ਕਬਰਾਂ ਨੂੰ ਵੀ ਮੰਨਦੇ ਹਨ।

ਜਾਤ ਪਾਤ, ਦਾਜ ਪ੍ਰਥਾਵਾਂ ਖਤਮ ਨਹੀਂ ਹੋਈਆਂ। ਗੁਰਮਤਿ ਦੀ ਥਾਂ ਲੋਕ ਮਤਿ ਦਾ ਬੋਲ ਬਾਲਾ ਹੈ।

ਸਿੱਖ ਅਸਥਾਨਾ ਵਿਚ ਗੁਰਬਾਣੀ ਪੂਜਾ ਤੇ ਰਜਿਆਂ ਨੂੰ ਲੰਗਰ ਛਕਾਉਂਣ ਵੱਲ ਜਿਆਦਾ ਰੁਝਾਨ ਹੈ ਪਰ ਗੁਰਬਾਣੀ ਸਿਖਿਆ ਦੇਣ ਵੱਲ ਘੱਟ ਰੁਝਾਨ ਹੈ।

ਦਰਬਾਰ ਸਾਹਿਬ ਵਿਚ ਇਸਤਰੀਆਂ ਲਈ ਕੀਰਤਨ ਦੀ ਮਨਾਹੀ ਹੈ।

ਅਜਕਲ ਸਿੱਖ ਪ੍ਰਚਾਰਕਾਂ ਵਲੋ ਬਾਹਰੀ ਸਰੂਪ ਸਬੰਧਤ ਜਿਆਦਾ ਪ੍ਰਚਾਰ ਸੁਣਨ ਨੂੰ ਮਿਲਦਾ ਹੈ। ਪਰ ਬਾਹਰ ਵਾਂਗ ਅੰਦਰ (ਮਨ) ਦੇ ਸਰੂਪ ਦੀਆਂ ਚੁਣੌਤੀਆਂ ਬਾਰੇ ਵੀ ਪ੍ਰਚਾਰ ਅਤਿਅੰਤ ਜਰੂਰੀ ਹੈ। ਕਈ ਵਾਰ ਭਰਮ ਭੁਲੇਖੇ ਪਾ ਕੇ ਸਿੱਖ ਅਸਥਾਨਾ ਦੇ ਪ੍ਰਬੰਧਕ ਤੇ ਪ੍ਰਚਾਰਕ ਵੀ ਲੁਟਦੇ ਹਨ।

ਇਸ ਕਰਕੇ ਬਾਹਰਲਾ ਸਰੂਪ ਹੈ ਪਰ ਅੰਦਰਲਾ ਸਰੂਪ ਘਟ ਰਿਹਾ ਹੈ। ਵੱਡੀ ਚੁਣੌਤੀ ਅੰਦਰਲੀ ਕਮਜੋਰੀ ਹੈ:

**"ਅੰਦਰਹੁ ਝੂਠੇ ਬਾਹਰਿ ਪੈਜ ਦੁਨੀਆ ਅੰਦਰਿ ਫੈਲ॥"** (ਪੰਨਾ 473)

**"ਜਿਨਿ ਗੁਦੜਿ ਕਮਾਇਆ ਮਹਲੁ ਤਿਨ੍ਹਾ ਮਿਲਿਆ॥"** (ਪੰਨਾ 714)

ਬਹੁਤ ਸਿੱਖ ਗੁਰਦੁਆਰਾ ਸਾਹਿਬ ਮੱਥਾ ਟੇਕਣ ਤੇ ਪੂਜਾ ਕਰਨ ਹੀ ਆਉਂਦੇ ਹਨ। ਆ ਕੇ ਨਿਸ਼ਾਨ ਸਾਹਿਬ ਤੇ ਹੋਰ ਕਈ ਜਗਾ ਮੱਥਾ ਟੇਕਦੇ ਅਤੇ ਮੁਠੀ-ਚਾਪੀ ਕਰਦੇ ਹਨ (ਜੋ ਕਿ ਮਨਮੱਤ ਹਨ)। ਲੰਗਰ ਛਕਣ ਵੱਲ ਜਿਆਦਾ ਤੇ ਗੁਰਬਾਣੀ

ਸਮਝਣ ਵੱਲ ਘੱਟ ਧਿਆਂਨ ਹੁੰਦਾ ਹੈ। ਪਰ ਹੁਕਮ ਹੈ:

**"ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਉਤਮ ਬਾਨੀ॥"** (ਪੰਨਾ 669)

**"ਜਨੁ ਨਾਨਕੁ ਧੂੜ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥"** (ਪੰਨਾ 306)

**"ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥"** (ਪੰਨਾ 468)

**"ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥"** (ਪੰਨਾ 318)

ਪਛਾਣ ਬਾਹਰੀ ਸਰੂਪ ਵਿਚ ਹੀ ਨਹੀਂ, ਅਸਲੀ ਸੱਚ ਸਮਾਨਤਾ ਤੇ ਅੰਦਰੂਨੀ ਸਰੂਪ ਵਿਚ ਵੀ ਹੈ।

### ਚੁਣੌਤੀਆਂ ਨਾਲ ਨਜਿਠਣ ਲਈ ਸੁਝਾਅ

ਮਿਸਾਲ ਵਜੋਂ ਗੁਰੂ ਨਾਨਕ ਸਾਹਿਬ ਬਹੁਤ ਸਾਲ ਪ੍ਰਵਾਰ ਤੋਂ ਦੂਰ ਉਦਾਸੀਆਂ ਤੇ ਗਏ। ਨੌਵੇਂ ਗੁਰੂ ਸਾਹਿਬ ਬੱਚਾਂ ਪੈਦਾ ਹੋਣ ਸਮੇਂ ਅਸਾਂਮ ਵਿਚ ਪ੍ਰਚਾਰ ਕਰ ਰਹੇ ਸਨ ਤੇ ਤਿੰਨ ਸਾਲ ਬਾਅਦ ਵਾਪਸ ਆਏ। ਸੋ ਪ੍ਰਵਾਰਕ ਤੇ ਸਮਾਜਕ ਦੋਵੇਂ ਜੁਮੇਵਾਰੀਆਂ ਨਿਭਾਉਣ ਦੀ ਲੋੜ ਹੈ।

ਹੱਲ ਗੁਰਬਾਣੀ ਵਿਚ ਹਨ। ਸਬਦ ਗੁਰੂ ਦੇ ਲੜ ਲੱਗ ਕੇ। ਗੁਰਬਾਣੀ ਦੇ ਨਾਲ ਦੁਨਿਆਵੀ (ਸਮਾਜ ਤੇ ਕੰਮ ਸਬੰਧਤ) ਸਿਖਿਆਵਾਂ ਦੀ ਵੀ ਬਹੁਤ ਲੋੜ ਹੈ।

ਬਚਿਆਂ ਨੂੰ ਗੁਰਬਾਣੀ, ਭਾਸ਼ਾ ਅਤੇ ਠੀਕ ਪ੍ਰੰਪਰਾਵਾ ਤੇ ਇਤਿਹਾਸ ਨਾਲ ਜੋੜਨ ਦੀ ਲੋੜ ਹੈ। ਇਸ ਲਈ ਸਿੱਖ ਅਸਥਾਨਾ ਤੇ ਸੰਸਥਾਵਾਂ ਵਲੋਂ ਸਿਖਿਆ ਦੇ ਉਪਰਾਲੇ ਜਰੂਰੀ ਹਨ। ਸਕੂਲਾਂ ਤੇ ਸਿੱਖ ਅਸਥਾਨਾ ਤੇ ਕਲਾਸਾਂ, ਕੈਂਪ ਅਤੇ ਹੋਰ ਉਪਰਾਲੇ ਹੋਣੇ ਚਾਹੀਦੇ ਹਨ। ਲੋੜਵੰਦ ਸਿੱਖਾਂ ਦੀ ਮਾਲੀ ਮਦਦ ਕਰਨ ਦੀ ਲੋੜ ਹੈ। ਸਿੱਖ ਬਚਿਆਂ ਦੀ ਪੜਾਈ ਵਿਚ ਮਦਦ ਕਰੀਏ।

ਸਿੱਖ ਅਸਥਾਂਨਾਂ ਤੇ ਸੰਸਥਾਵਾਂ ਨੂੰ ਕੁਰਸੀ ਲਈ ਵਿਕਾਊ, ਰਿਸ਼ਵਤਖੋਰ, ਦਸਤਾਰ ਵਰਤ ਕੇ ਸਿੱਖੀ ਨੂੰ ਢਾਹ ਲਾਉਣ ਵਾਲੇ ਭੇਖੀ ਸਿੱਖਾਂ, ਉਦਾਸੀ ਤੇ ਨਿਰਮਲੇ ਵਿਚਾਰਾਂ ਵਾਲੇ ਪ੍ਰਚਾਰਕਾਂ, ਅਤੇ ਡੇਰੇ ਵਾਲੇ ਬਾਬਿਆਂ ਤੋਂ ਬਚਾਉਣ ਦੀ ਲੋੜ ਹੈ।

ਗੁਰਬਾਣੀ ਸਿੱਖਾਂ ਲਈ ਹੁਕਮਨਾਮਾ ਹੈ। ਬਾਹਰੀ ਤੇ ਅੰਦਰੂਨੀ ਜੀਵਨ ਗੁਰਬਾਣੀ ਅਨੁਸਾਰ ਬਣਾਈਏ। ਬਾਹਰੀ ਪਹਿਚਾਣ ਦੇ ਨਾਲ ਅਮਲੀ ਜੀਵਨ ਵੀ ਜਰੂਰੀ ਹੈ।

ਉਚੀ ਸੋਚ ਤੇ ਮਿਆਰੀ ਕਿਰਦਾਰ ਦੀ ਲੋੜ ਹੈ। ਸਿੱਖੀ ਸੂਖਸ਼ਮ ਸਰੂਪ ਹੈ। ਹਉਮੈ ਤੇ ਕਾਬੂ ਪਾਉਣਾਂ ਜਰੂਰੀ।

ਵਿਖਾਵਾ ਛਡ ਕੇ ਕਿਰਦਾਰ ਬਣਾਉਂਣ ਦੀ ਲੋੜ ਹੈ।

# ਅਧਿਆਪਕ ਦਿਵਸ ਤੇ ਵਿਸ਼ੇਸ਼-ਅਧਿਆਪਕ ਤਾਂ ਮਲਾਹ ਹੁੰਦਾ ਏ

ਗੁਰਦੀਸ਼ ਕੌਰ ਗਰੇਵਾਲ (ਕੈਲਗਰੀ, 403 404 1450)

ਅਧਿਆਪਕ ਤਾਂ ਮਲਾਹ ਹੁੰਦਾ ਹੈ-
ਭਰ ਭਰ ਬੇੜੀ ਪੂਰ ਬਣਾ ਕੇ
ਅਗਲੇ ਕੰਢੇ ਲਾਈ ਜਾਣਾ
ਦੂਰੋਂ ਹੀ ਮੁਸਕ੍ਰਾਈ ਜਾਣਾ।

ਅਧਿਆਪਕ ਚੌਰਾਹੇ ਦੀ ਬੱਤੀ-
ਚਾਰ ਚੁਫ਼ੇਰੇ ਚਾਨਣ ਕਰਕੇ
'ਨੇਰ੍ਹੇ ਰਾਹ ਰੁਸ਼ਨਾਈ ਜਾਣਾ
ਆਪਣਾ ਫਰਜ਼ ਨਿਭਾਈ ਜਾਣਾ।

ਅਧਿਆਪਕ ਤਾਂ ਭੰਡਾਰ ਇਲਮ ਦਾ-
ਕੱਚੇ ਪੱਕੇ ਦੀਵਿਆਂ ਦੇ ਵਿੱਚ
ਗਿਆਨ ਦਾ ਤੇਲ ਚੁਆਈ ਜਾਣਾ
ਬੁਝਿਆਂ ਤਾਈਂ ਜਗਾਈ ਜਾਣਾ।

ਅਧਿਆਪਕ ਹੁੰਦਾ ਬਾਗ ਦਾ ਮਾਲੀ-
ਨਵੀਂ ਪਨੀਰੀ ਗੋਡੀ ਕਰਕੇ,
ਸੁੰਦਰ ਫੁੱਲ ਖਿੜਾਈ ਜਾਣਾ
ਚੌਗਿਰਦਾ ਮਹਿਕਾਈ ਜਾਣਾ।

ਇੱਕ ਮਾਪੇ, ਦੂਜਾ ਅਧਿਆਪਕ-
ਬੱਚਿਆਂ ਦੇ ਅੱਗੇ ਲੰਘ ਜਾਣ ਤੇ
ਦਿਲ ਤੋਂ ਖੁਸ਼ੀ ਮਨਾਈ ਜਾਵਣ
ਅਸੀਸਾਂ ਵਰਸਾਈ ਜਾਵਣ।

ਕੀ ਡਾਕਟਰ ਤੇ ਕੀ ਵਿਗਿਆਨੀ
ਸਿਆਸਤਦਾਨ ਜਾਂ ਗੁਣੀ ਗਿਆਨੀ
ਸਭ ਦਾ ਨਿਰਮਾਤਾ ਅਧਿਆਪਕ
ਇਲਮ ਹੁਨਰ ਦਾਤਾ ਅਧਿਆਪਕ।

ਅਧਿਆਪਕ ਨੂੰ ਪਿਆਰ ਕਰਾਂ ਮੈਂ
ਰੂਹ ਅੰਦਰੋਂ ਸਤਿਕਾਰ ਕਰਾਂ ਮੈਂ
ਉਸ ਦੀ ਦੇਣ ਨਾ 'ਦੀਸ਼' ਭੁਲਾਈਏ
ਉਸ ਦੇ ਅੱਗੇ ਸੀਸ ਝੁਕਾਈਏ।

# ਗੁਰਬਾਣੀ ਵਿਚ ਬਿੰਦੀ, ਟਿੱਪੀ ਅਤੇ ਅੱਧਕ ਦਾ ਉਚਾਰਨ: ਭਾਗ 2

ਤਜਿੰਦਰ ਕੌਰ (ਨਵੀਂ ਦਿੱਲੀ)

**(ਲੜੀ ਜੋੜਨ ਲਈ ਭਾਗ 1 ਪਿਛਲੇ ਅੰਕ ਵਿਚ ਪੜ੍ਹੋ ਜੀ)**

## ਟਿੱਪੀ

1. ਪੂਜੀ

◆ **ਗਾਡਰ ਲੇ ਕਾਮਧੇਨੁ ਕਰਿ ਪੂਜੀ॥ ਸਉਦੇ ਕਉ ਧਾਵੈ ਬਿਨੁ ਪੂੰਜੀ॥** (ਅੰਕ 198) ਪੂਜੀ (ਪੂਜਾ ਕੀਤੀ) ਬਿਨ ਟਿੱਪੀ; ਪੂੰਜੀ (ਧਨ) ਟਿੱਪੀ ਨਾਲ।

◆ **ਰਾਮ ਨਾਮੁ ਧਨੁ ਪੂਜੀ ਦੇਵਹੁ ਸਭੁ ਤਿਸਨਾ ਭੂਖ ਨਿਵਾਰੇ॥** (ਅੰਕ 983) ਪੂਜੀ – ਪੂੰਜੀ (ਧਨ) ਟਿੱਪੀ ਨਾਲ।

2. **ਅਨੁ**

◆ **ਅਨ ਰਸ ਨਹੀ ਚਾਹੈ ਏਕੈ ਹਰਿ ਲਾਹੈ॥** (ਅੰਕ 830) ਅਨ (ਹੋਰ) ਬਿਨਾ ਟਿੱਪੀ।

◆ **ਜਿਸ ਕਾ ਅਨੁ ਧਨੁ ਸਹਜਿ ਨ ਜਾਨਾ॥** (ਅੰਕ 414) ਅਨੁ ਧਨੁ – ਅੰਨ ਧਨ, ਟਿੱਪੀ ਨਾਲ।

3. **ਮਗਨ**

◆ **ਮਤ ਕੋਈ ਮਗਨ ਮਿਲਤਾ ਬਿਲਮਾਵੈ॥ ਮਗਨ ਭਇਆ ਤੈ ਸੋ ਸਚੁ ਪਾਵੈ॥ (ਅੰਕ 342) ਮਗਨ (ਮਸਤ) ਬਿਨਾ ਟਿੱਪੀ।**

◆ **ਠਾਕੁਰੁ ਲੇਖਾ ਮਗਨਹਾਰੁ॥** (ਅੰਕ 1196) ਮਗਨਹਾਰੁ – ਮੰਗਨਹਾਰ (ਮੰਗਣ ਵਾਲਾ) ਟਿੱਪੀ ਨਾਲ।

4. **ਧਨ**

◆ **ਜੇ ਧਨ ਕੰਤ ਨ ਭਾਵਈ ਤਿ ਸਭ ਅਡੰਬਰ ਕੂੜੁ॥** (ਅੰਕ 19) ਧਨ (ਇਸਤ੍ਰੀ) ਬਿਨਾ ਟਿੱਪੀ।

◆ **ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ॥** (ਅੰਕ 28) ਧਨ – ਧੰਨ (ਭਾਗਾਂ ਵਾਲੇ) ਟਿੱਪੀ ਨਾਲ।

5. **ਅਨਦੁ**

**ਸਾਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ॥** (ਅੰਕ 106) ਅਨਦੁ – ਅਨੰਦ (ਦਸੀਂ ਪਾਸੀਂ ਵਰਖਾ ਕਰ ਦਿੱਤੀ, ਜਿਸ ਦੀ ਬਰਕਿਤ ਨਾਲ ਜੀਵਾਂ ਦੇ ਅੰਦਰ ਠੰਢ ਪੈ ਗਈ, ਸਭਨਾਂ ਦੀ ਤ੍ਰੇਹ ਮਿਟ ਗਈ, ਤੇ ਸਭ ਥਾਈਂ ਖ਼ੁਸ਼ੀ ਹੀ ਖ਼ੁਸ਼ੀ ਹੋ ਗਈ) ਟਿੱਪੀ ਨਾਲ।

ਇਸੇ ਤਰਾਂ, ਸਤੁ – ਸੰਤੁ, ਸਗੁ – ਸੰਗੁ, ਸਦਾ – ਸੰਦਾ, ਬਦ (ਬਦਬਖਤ), ਬੰਦ (ਬੰਦਨਾ), ਕਤ (ਕਿੱਥੇ) – ਕੰਤੁ (ਪਤੀ) ਆਦਿ।

## ਅੱਧਕ

1. **ਗਲੀ**

◆ **ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥** (ਅੰਕ 527) ਗਲੀ (ਰਸਤਾ) ਬਿਨਾ ਅੱਧਕ।

◆ **ਇਕਨ੍ਹਾ ਗਲੀ ਜੰਜੀਰੀਆ ਇਕ ਤੁਰੀ ਚੜਹਿ ਬਿਸੀਆਰ॥** (ਅੰਕ 475) ਗਲੀ – ਗਲੀਂ (ਗਲਾਂ ਵਿੱਚ), ਬਿੰਦੀ ਸਹਿਤ।

◆ **ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥** (ਅੰਕ 147) ਗਲੀ – ਗੱਲੀਂ (ਗੱਲਾਂ ਨਾਲ), ਅੱਧਕ ਅਤੇ ਬਿੰਦੀ ਨਾਲ।

2. **ਰਤੀ**

- **ਸਬਦਿ ਰਤੀ ਸੋਹਾਗਣੀ ਸਤਿਗੁਰ ਕੈ ਭਾਇ ਪਿਆਰਿ॥** (ਅੰਕ 90) ਰਤੀ (ਰੰਗੀ ਹੋਈ), ਬਿਨਾ ਅੱਧਕ।

- **ਇਕ ਰਤੀ ਬਿਲਮ ਨ ਦੇਵਨੀ, ਵਣਜਾਰਿਆ ਮਿਤ੍ਰਾ, ਓਨੀ ਤਕੜੇ ਪਾਏ ਹਾਥ॥** (ਅੰਕ 79) ਰਤੀ - ਰੱਤੀ (ਭਾਰ), ਅੱਧਕ ਨਾਲ।

**3. ਰਤਾ**

**ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥** (ਅੰਕ 16) ਪਹਿਲਾ ਰਤਾ - ਰੱਤਾ (ਲਾਲ ਰੰਗ), ਅੱਧਕ ਨਾਲ; ਦੂਜਾ - ਰਤਾ (ਰਤਿਆ ਹੋਇਆ), ਬਿਨਾ ਅੱਧਕ।

**4. ਸਿਖ**

- **ਸਤਿਗੁਰ ਸਾਚੀ ਸਿਖ ਸੁਣਾਈ॥** (ਅੰਕ 117) ਸਿਖ (ਸਿਖਿਆ), ਬਿਨਾ ਅੱਧਕ।

- **ਸਤਿਗੁਰੁ ਸਿਖ ਕੀ ਕਰੈ ਪ੍ਰਿਤਪਾਲ॥** (ਅੰਕ 286) ਸਿੱਖ ਕੀ (ਸਿੱਖ ਦੀ), ਅੱਧਕ ਨਾਲ।

**5. ਅਖੀ**

- **ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥** (ਅੰਕ 139) ਅੱਖੀਂ (ਅੱਖਾਂ ਨਾਲ), ਅੱਧਕ ਅਤੇ ਬਿੰਦੀ ਨਾਲ।

**6. ਮਿਟੀ**

- **ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ॥** (ਅੰਕ 189) ਮਿਟੀ (ਮਿਟ ਗਈ), ਬਿਨਾ ਅੱਧਕ।

- **ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥** (ਅੰਕ 466) ਮਿਟੀ - ਮਿੱਟੀ, ਅੱਧਕ ਨਾਲ।

**7. ਸਕਰ**

- **ਦੇਖੁ ਫਰੀਦਾ ਜਿ ਥੀਆ, ਸਕਰ ਹੋਈ ਵਿਸੁ॥ ਸਾਂਈ ਬਾਝਹੁ ਆਪਣੇ, ਵੇਦਣ ਕਹੀਐ ਕਿਸੁ॥** (ਅੰਕ 1378) ਸਕਰ (ਸ਼ੱਕਰ), ਜੇਕਰ ਅੱਧਕ ਅਤੇ ਬਿੰਦੀ ਤੋਂ ਪੜਾਂਗੇ ਤਾਂ ਇਹ ਹੋ ਜਾਏਗਾ - ਸ+ਕਰ, ਕਰ ਭਾਵ ਹੱਥ, ਸਕਰ = ਸ਼ੁਭ ਹਥ ਜਾਂ ਚੰਗਾ ਕਰ (ਟੈਕਸ), ਇਸਲਈ ਇਥੇ ਅੱਧਕ ਲਗਾ ਕੇ ਪਾਠ ਕਰਨਾ ਜ਼ਰੂਰੀ ਹੈ।

**(ਬਾਕੀ ਅਗਲੇ ਅੰਕਾਂ ਵਿਚ ਪੜੋ ਜੀ)**

# ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ: ਭਾਗ 3

ਡਾ. ਤਰਲੋਕ ਸਿੰਘ, ਥੰਡਰ ਬੇ, ਕੈਨੇਡਾ

## ਨਾਮ ਨੂੰ ਮੰਨਣ ਦੇ ਕੀ ਫਾਇਦੇ ਹਨ?

ਨਾਮ ਨੂੰ ਮੰਨਣ ਵਾਲ਼ੇ ਮਨੁੱਖ (ਜਿਸ ਨੇ (ਅਕਾਲ ਪੁਰਖ ਦੇ ਨਾਮ ਨੂੰ ਮੰਨ ਲਿਆ ਹੈ; ਭਾਵ ਜਿਸ ਦੀ ਲਗਨ ਨਾਮ ਵਿਚ ਲੱਗ ਗਈ ਹੈ) ਦੀ ਉੱਚੀ ਆਤਮਿਕ ਅਵਸਥਾ ਦੱਸੀ ਨਹੀਂ ਜਾ ਸਕਦੀ:

**"ਮੰਨੈ ਕੀ ਗਤਿ ਕਹੀ ਨ ਜਾਇ॥"** (ਅੰਕ 3)

ਸੁਰਤਿ ਉੱਚੀ ਹੋ ਜਾਂਦੀ ਹੈ, ਮਨ ਵਿਚ ਜਾਗ੍ਰਤੀ ਆ ਜਾਂਦੀ ਹੈ, (ਭਾਵ, ਮਾਇਆ ਵਿਚ ਸੁੱਤਾ ਮਨ ਜਾਗ ਪੈਂਦਾ ਹੈ) ਅਤੇ ਬੁਧੀ ਤੇਜ/ਨਿਰਮਲ ਹੋ ਜਾਂਦੀ ਹੈ:

**"ਮੰਨੈ ਸੁਰਤਿ ਹੋਵੈ ਮਨਿ ਬੁਧਿ॥"** (ਅੰਕ 3)

ਸਾਰੇ ਭਵਨਾਂ (ਤਿੰਨਾਂ ਲੋਕਾਂ) ਦੀ ਉਸ ਨੂੰ ਸੋਝੀ ਹੋ ਜਾਂਦੀ ਹੈ (ਕਿ ਹਰ ਥਾਂ ਪ੍ਰਭੂ ਵਿਆਪਕ ਹੈ):

**"ਮੰਨੈ ਸਗਲ ਭਵਣ ਕੀ ਸੁਧਿ॥"** (ਅੰਕ 3)

ਉਹ ਮਨੁੱਖ ਜਮ ਦੀਆਂ ਸੱਟਾਂ ਮੂੰਹ ਉੱਤੇ ਨਹੀਂ ਖਾਂਦਾ ਅਤੇ ਉਹ ਜਮਾਂ ਨਾਲ਼ ਨਹੀਂ ਜਾਂਦਾ (ਭਾਵ, ਉਹ ਜਨਮ ਮਰਨ ਦੇ ਗੇੜ ਵਿਚੋਂ ਬਚ ਜਾਂਦਾ ਹੈ):

**"ਮੰਨੈ ਮੁਹਿ ਚੋਟਾ ਨਾ ਖਾਇ॥ ਮੰਨੈ ਜਮ ਕੈ ਸਾਥਿ ਨ ਜਾਇ॥"** (ਅੰਕ 3)

ਪਰਮਾਰਥ ਦੇ ਮਾਰਗ ਤੇ ਕੋਈ ਰੋਕ ਨਹੀਂ ਪੈਂਦੀ ਤੇ ਸ਼ੋਭਾ ਖੱਟ ਕੇ ਇੱਜ਼ਤ ਨਾਲ਼ (ਪ੍ਰਲੋਕ) 'ਚ ਜਾਂਦਾ ਹੈ!

**"ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥"** (ਅੰਕ 3)

ਉਹ ਮਨੁਖ ਭਟਕਣ ਵਾਲ਼ੇ (ਮਾਇਆ ਦੇ) ਰਸਤੇ ਤੇ ਨਹੀਂ ਪੈਂਦਾ ਅਤੇ ਉਸਦਾ ਸੰਬੰਧ ਧਰਮ (ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ਨਾਲ ਬਣ ਜਾਂਦਾ ਹੈ!

**"ਮੰਨੈ ਮਗੁ ਨ ਚਲੈ ਪੰਥੁ॥ ਮੰਨੈ ਧਰਮ ਸੇਤੀ ਸਨਬੰਧੁ॥"** (ਅੰਕ 3)

ਮੁਕਤੀ (ਗੁਰੂ) ਦੇ ਦਰ/ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ:

**"ਮੰਨੈ ਪਾਵਹਿ ਮੋਖੁ ਦੁਆਰੁ॥"** (ਅੰਕ 3)

ਆਪਣੇ ਪਰਵਾਰ ਨੂੰ ਭੀ (ਅਕਾਲ ਪੁਰਖ ਦੀ) ਟੇਕ ਦ੍ਰਿੜ੍ਹ ਕਰਾਉਂਦਾ ਹੈ:

**"ਮੰਨੈ ਪਰਵਾਰੈ ਸਾਧਾਰੁ॥"** (ਅੰਕ 3)

ਨਾਮ ਨੂੰ ਮੰਨਣ ਵਾਲ਼ਾ (ਗੁਰੂ) ਆਪ ਭੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ਤੇ ਆਪਣੇ ਸਿੱਖਾਂ ਨੂੰ ਭੀ ਪਾਰ ਲੰਘਾਉਂਦਾ ਹੈ!

**"ਮੰਨੈ ਤਰੈ ਤਾਰੇ ਗੁਰੁ ਸਿਖ॥"** (ਅੰਕ 3)

ਨਾਮ ਨੂੰ ਮੰਨਣ ਵਾਲ਼ੇ ਭਿਖਿਆ ਲਈ ਨਹੀਂ ਭੌਂਦੇ ਫਿਰਦੇ; ਭਾਵ ਕਿਸੇ ਹੋਰ ਦੇ ਦਰ ਤੇ ਮੰਗਣ ਨਹੀਂ ਜਾਂਦੇ:

**"ਮੰਨੈ ਨਾਨਕ ਭਵਹਿ ਨ ਭਿਖ॥"** (ਅੰਕ 3)

ਸੁਖ ਪੈਦਾ ਹੁੰਦਾ ਹੈ ਤੇ ਉੱਚੀ ਆਤਮਕ ਅਵਸਥਾ ਬਣਦੀ ਹੈ:

**"ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ॥"** (ਅੰਕ 1241)

ਲੋਕ ਪ੍ਰਲੋਕ 'ਚ ਇੱਜ਼ਤ ਮਿਲਦੀ ਹੈ ਤੇ ਹਿਰਦੇ ਵਿਚ ਉਹ ਪ੍ਰਭੂ (ਆ ਵੱਸਦਾ ਹੈ):

**"ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ॥"** (ਅੰਕ 1241)

ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਤੇ (ਪਰਮਾਰਥ ਦੇ ਰਾਹ ਵਿਚ) ਕੋਈ ਰੋਕ ਨਹੀਂ ਪੈਂਦੀ:

**"ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ॥"** (ਅੰਕ 1241)

ਪਰਮਾਰਥਿਕ ਜੀਵਨ ਦਾ ਰਸਤਾ ਪ੍ਰਤੱਖ ਸਾਫ਼ ਦਿੱਸਣ ਲੱਗ ਪੈਂਦਾ ਹੈ, ਕਿਉਂਕਿ ਨਾਮ ਵਿਚ ਸਾਰਾ ਚਾਨਣ ਹੈ (ਆਤਮਕ ਜੀਵਨ ਦੀ ਸੂਝ ਹੈ):

**"ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ॥"** (ਅੰਕ 1241)

ਪੂਰੇ ਪਰਵਾਰ ਦਾ ਤੇ ਕੁਲ ਦਾ ਉਧਾਰ ਹੁੰਦਾ ਹੈ!

**"ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ॥"** (ਅੰਕ 1241)

ਜਿਨ੍ਹਾਂ ਬੰਦਿਆਂ ਨੇ ਨਾਮ ਨੂੰ ਹਿਰਦੇ ਵਿਚ ਵਸਾ ਲਿਆ ਹੈ ਉਹਨਾਂ ਦੀ ਸਾਰੀ ਸੰਗਤਿ (ਸੰਸਾਰ-ਸਮੁੰਦਰ ਤੋਂ) ਪਾਰ ਉਤਰ ਜਾਂਦੀ ਹੈ:

**"ਨਾਇ ਮੰਨਿਐ ਸੰਗਤਿ ਉਧਰੈ ਜਿਨ ਰਿਦੈ ਵਸਾਇਆ॥"** (ਅੰਕ 1241)

ਜਿਨ੍ਹਾਂ ਨੇ ਜੀਭ ਨੂੰ ਨਾਮ ਨਾਲ਼ ਇਕ-ਰਸ ਕਰ ਲਿਆ, ਉਹ ਨਾਮ ਨੂੰ ਮੰਨ ਕੇ ਤੇ ਸੁਣ ਕੇ (ਮਾਇਆ ਦੇ ਪ੍ਰਭਾਵ ਤੋਂ) ਬਚ ਜਾਂਦੇ ਹਨ (ਉਨ੍ਹਾਂ ਦਾ ਉਧਾਰ ਹੋ ਜਾਂਦਾ ਹੈ):

**"ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ ਰਸਾਇਆ॥"** (ਅੰਕ 1241)

ਦੁੱਖ ਦੂਰ ਹੋ ਜਾਂਦੇ ਹਨ ਉਹਨਾਂ ਦੀ (ਮਾਇਆ ਵਾਲ਼ੀ) ਭੁੱਖ ਮਿਟ ਜਾਂਦੀ ਹੈ:

**"ਨਾਇ ਮੰਨਿਐ ਦੁਖ ਭੁਖ ਗਈ, ਜਿਨ ਨਾਮਿ ਚਿਤੁ ਲਾਇਆ॥"** (ਅੰਕ 1241)

ਭੈੜੀ ਮਤਿ ਦੂਰ ਹੋ ਜਾਂਦੀ ਹੈ ਤੇ (ਨਿਰਮਲ) ਮਤਿ ਚਮਕ ਪੈਂਦੀ ਹੈ:

**"ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥"** (ਅੰਕ 1242)

ਹਉਮੈ ਦੂਰ ਹੋ ਜਾਂਦੀ ਹੈ; ਸਾਰੇ ਹੀ ਰੋਗ ਨਾਸ ਹੋ ਜਾਂਦੇ ਹਨ:

**"ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥"** (ਅੰਕ 1242)

ਮਨ ਵਿਚ ਨਾਮ ਜਪਣ ਦਾ ਚਾਉ ਪੈਦਾ ਹੋ ਜਾਂਦਾ ਹੈ, ਅੰਦਰੋਂ ਨਾਮ ਪਰਗਟ ਹੁੰਦਾ ਹੈ ਤੇ ਸੁਤੇ ਸਿਧ (ਅਡੋਲ ਅਵਸਥਾ ਵਿਚ ਅੱਪੜ ਕੇ) ਸੁਖ ਦੀ ਪ੍ਰਾਪਤੀ ਹੁੰਦੀ ਹੈ:

**"ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ॥"** (ਅੰਕ 1242)

ਮਨ ਵਿਚ ਸ਼ਾਂਤੀ ਪੈਦਾ ਹੁੰਦੀ ਹੈ (ਅੰਦਰ ਠੰਢ ਵਰਤ ਜਾਂਦੀ ਹੈ), ਪ੍ਰਭੂ ਮਨ ਵਿਚ ਆ ਵੱਸਦਾ ਹੈ:

**"ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ॥"** (ਅੰਕ 1242)

ਨਾਮ ਵਿਚ ਜੁੜਨ ਵਾਲ਼ੀ ਸੁਰਤੀ ਪੈਦਾ ਹੁੰਦੀ ਹੈ ਤੇ ਨਾਮ ਵਿਚ ਮਤਿ ਪ੍ਰਵਿਰਤ ਹੁੰਦੀ ਹੈ!

**"ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ॥"** (ਅੰਕ 1242)

ਮਨੁੱਖ ਪ੍ਰਭੂ ਦੇ ਗੁਣ ਉਚਾਰਨ ਲੱਗ ਪੈਂਦਾ ਹੈ ਤੇ ਨਾਮ ਵਿਚ ਹੀ ਸੁਖ/ਆਨੰਦ ਪ੍ਰਾਪਤ ਕਰਦਾ ਹੈ:

**"ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ॥"** (ਅੰਕ 1242)

ਮਾਇਆ ਦਾ ਭਰਮ ਕੱਟਿਆ ਜਾਂਦਾ ਹੈ ਤੇ ਫਿਰ (ਜੰਮਣ ਮਰਨ ਦਾ) ਦੁਖ ਨਹੀਂ ਹੁੰਦਾ:

**"ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ॥"** (ਅੰਕ 1242)

ਪ੍ਰਭੂ ਦੀ ਸਿਫ਼ਤਿ-ਸਾਲਾਹ ਕਰੀਦੀ ਹੈ ਤੇ ਪਾਪਾਂ ਵਾਲੀ ਮਤਿ ਧੁਪ ਜਾਂਦੀ ਹੈ:

**"ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ॥"** (ਅੰਕ 1242)

ਸੁਣਿਐ ਅਤੇ ਮੰਨਿਐ ਤੇ ਜਪੁਜੀ ਸਾਹਿਬ 'ਚ ਚਾਰ ਚਾਰ ਪਉੜੀਆਂ ਹਨ ਅਤੇ ਇੰਨੀਆਂ ਹੀ ਪਉੜੀਆਂ ਸਾਰੰਗ ਕੀ ਵਾਰ ਮਹਲਾ 4 'ਚ ਹਨ। ਲੇਕਿਨ ਜਿੰਨਾ ਚਿਰ ਸਾਰੰਗ ਕੀ ਵਾਰ ਮਹਲਾ 4 ਦਾ ਪਾਠ ਨਾ ਕਰੀਏ ਉੰਨਾ ਚਿਰ ਇਹ ਸਪਸ਼ਟ

ਨਹੀਂ ਹੁੰਦਾ ਕਿ ਜਪੁਜੀ ਸਾਹਿਬ 'ਚ ਸੁਣਿਐ ਅਤੇ ਮੰਨਿਐ ਨਾਮ ਨੂੰ ਮੁਖਾਵਿਤ ਹਨ!

ਜ੍ਹਿਨਾਂ ਨੇ ਗੁਰੂ ਦੇ ਸ਼ਬਦ ਨੂੰ ਸੁਣ ਕੇ ਮੰਨਿਆ ਉਹਨਾਂ ਨਾਲ਼ ਕੀ ਹੁੰਦਾ ਹੈ? ਉਹਨਾਂ ਦਾ ਨਿਜ ਘਰ 'ਚ ਵਾਸਾ ਹੁੰਦਾ ਹੈ, ਉਹ ਆਪਣੇ ਮਨ 'ਚ ਦਿਨ ਰਾਤ ਪਰਮੇਸ਼ਰ ਦਾ ਧਿਆਨ ਧਰਦੇ (ਭਗਤੀ ਕਰਦੇ) ਹਨ ਤੇ ਉਹਨਾਂ ਦੇ ਮਨ ਤੇ ਤਨ ਨਿਰਮਲ ਹੋ ਜਾਂਦੇ ਹਨ:

**"ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥ ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥"** (ਅੰਕ 27)

# ਸਿਮਰਨ ਤੋਂ ਪ੍ਰਾਪਤੀਆਂ: ਭਾਗ 4

ਭੂਲਾ ਸਿੰਘ (ਅਮਰੀਕਾ)

**(ਲੜੀ ਜੋੜਨ ਭਾਗ 1, 2 ਤੇ 3 ਪਿਛਲੇ ਅੰਕਾਂ ਵਿਚ ਪੜਨ ਦੀ ਕ੍ਰਿਪਾ ਕਰੋ ਜੀ)**

## ਸਿਮਰਨ ਕਿਵੇਂ ਕਰਨਾ ਹੈ

ਕਈ ਬੰਦੇ ਇਹ ਮਿਥ ਲੈਂਦੇ ਹਨ ਕਿ ਜੇ ਦੁਨੀਆਂ ਦੇ ਧੰਦਿਆਂ ਦਾ ਭਾਰ ਸਿਰ ਤੋਂ ਲਹਿ ਜਾਏ ਤਾਂ ਹੌਲੇ-ਫੁੱਲ ਹੋ ਕੇ ਕਿਤੇ ਇਕਾਂਤ ਵਿਚ ਪਰਮਾਤਮਾ ਦਾ ਸਿਮਰਨ ਕੀਤਾ ਜਾ ਸਕਦਾ ਹੈ। ਇਹ ਵੱਡਾ ਭਾਰਾ ਭੁਲੇਖਾ ਹੈ। ਜਗਤ ਦੀਆਂ ਜ਼ਿਮੇਵਾਰੀਆਂ ਦਾ ਭਾਰ ਹੀ ਮਨੁੱਖ ਦੀ ਜੀਵਨ-ਤੋਰ ਨੂੰ ਸਾਵਾਂ-ਪੱਧਰਾ ਰੱਖਦਾ ਹੈ, ਤੇ ਇਸ ਭਾਰ ਨੂੰ ਚੁੱਕੀ ਰੱਖ ਕੇ ਹੀ ਪ੍ਰਭੂ ਦਾ ਸਿਮਰਨ ਕੀਤਾ ਜਾ ਸਕਦਾ ਹੈ।

ਭਗਤ ਨਾਮਦੇਵ ਜੀ ਦੇ ਮਿੱਤਰ ਭਗਤ ਤ੍ਰਿਲੋਚਨ ਜੀ ਨੇ ਇਕ ਵਾਰ ਨਾਮਦੇਵ ਜੀ ਨੂੰ ਕੱਪੜੇ ਛਾਪਦਿਆਂ ਵੇਖ ਕੇ ਇਉਂ ਸਮਝਿਆ ਕਿ ਨਾਮਦੇਵ ਜੀ ਪਰਮਾਤਮਾ ਦੀ ਯਾਦ ਵਿਸਾਰ ਕੇ ਦੁਨੀਆ ਦੇ ਜੰਜਾਲ ਵਿਚ ਫਸ ਗਏ ਹਨ। ਇਤਰਾਜ਼ ਕੀਤਾ ਤਾਂ ਨਾਮਦੇਵ ਜੀ ਨੇ ਆਖਿਆ- ਇਕ ਮੁੰਡਾ ਕਾਗਜ਼ ਦੀ ਗੁੱਡੀ ਉਡਾਂਦਾ ਹੈ, ਆਪਣੇ ਨਾਲ ਦੇ ਹਾਣੀਆਂ ਨਾਲ ਗੱਪਾਂ ਭੀ ਮਾਰੀ ਜਾਂਦਾ ਹੈ, ਪਰ ਉਸ ਦੀ ਸੁਰਤ ਆਪਣੀ ਗੁੱਡੀ ਵਿਚ ਹੀ ਰਹਿੰਦੀ ਹੈ:

**"ਆਨੀਲੇ ਕਾਗਦੁ, ਕਾਟੀਲੇ ਗੂਡੀ, ਅਕਾਸ ਮਧੇ ਭਰਮੀਅਲੇ॥ ਪੰਚ ਜਨਾ ਸਿਉ ਬਾਤ ਬਤਊਆ, ਚੀਤੁ ਸੁ ਡੋਰੀ ਰਾਖੀਅਲੇ॥"** (ਅੰਕ 972)

(ਆਨੀਲੇ= ਲਿਆਂਦਾ। ਕਾਟੀਲੇ= ਕੱਟ ਕੇ ਬਣਾਈ। ਭਰਮੀਅਲੇ= ਉਡਾਈ। ਬਾਤ ਬਾਤਊਆ=ਗੱਪਾਂ।)

ਜਵਾਨ ਕੁੜੀਆਂ ਪਾਣੀ ਭਰਨ ਜਾਂਦੀਆਂ ਹਨ, ਪਾਣੀ ਦੀਆਂ ਭਰੀਆਂ ਗਾਗਰਾਂ ਸਿਰ ਉਤੇ ਰਖੀ ਆਉਂਦੀਆਂ ਹਨ, ਆਪੋ ਵਿਚ ਹੱਸਦੀਆਂ ਖੇਡਦੀਆਂ ਹਨ, ਪਰ ਉਹਨਾਂ ਦਾ ਧਿਆਨ ਆਪਣੀਆਂ ਗਾਗਰਾਂ ਵਿਚ ਹੁੰਦਾ ਹੈ:

**"ਆਨੀਲੇ ਕੁੰਭੁ, ਭਰਾਈਲੇ ਉਦਕ, ਰਾਜ ਕੁਆਰਿ ਪੁਰੰਦਰੀਏ॥ ਹਸਤ ਬਿਨੋਦ ਬੀਚਾਰ ਕਰਤੀ ਹੈ, ਚੀਤ ਸੁ ਗਾਗਰਿ ਰਾਖੀਅਲੇ॥"** (ਅੰਕ 972)

(ਕੁੰਭੁ= ਘੜਾ। ਉਦਕ= ਪਾਣੀ॥ ਪੁਰੰਦਰੀਏ= ਸ਼ਹਿਰ ਵਿਚੋਂ। ਬਿਨੋਦ=ਹਾਸੇ ਦੀਆਂ ਗੱਲਾਂ।)

ਇਸੇ ਤਰ੍ਹਾਂ ਗਊ ਆਪਣਾ ਚਿੱਤ ਵੱਛੇ ਵਿਚ ਰਖਦੀ ਹੈ ਤੇ ਮਾਂ ਆਪਣੀ ਸੁਰਤ ਆਪਣੇ ਬਚੇ ਵਿਚ। ਇਨ੍ਹਾਂ ਦੋਹਾਂ ਮਿਤਰਾਂ ਦੀ ਗੱਲ-ਬਾਤ ਦਾ ਤੱਤ ਥੋੜੇ ਲਫ਼ਜ਼ਾਂ ਵਿਚ ਕਬੀਰ ਜੀ ਨੇ ਇਉਂ ਕੀਤਾ ਹੈ: **"ਨਾਮਾ ਮਾਇਆ ਮੋਹਿਆ, ਕਹੈ ਤ੍ਰਿਲੋਚਨ ਮੀਤੁ॥ ਕਾਹੇ ਛੀਪਹੁ ਛਾਇਲੈ, ਰਾਮ ਨ ਲਾਵਹੁ ਚੀਤੁ॥ ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥ ਹਾਥ ਪਾਉ ਕਰਿ ਕਾਮ ਸਭੁ,ਚੀਤੁ ਨਿਰੰਜਨ ਨਾਲਿ॥"** (ਅੰਕ 1375)

ਤੁਸੀਂ ਰੇਲ-ਗੱਡੀ ਵਿਚ ਸਫ਼ਰ ਕਰ ਰਹੇ ਹੋ, ਗੱਡੀ ਦੇ ਪਹੀਆਂ ਦਾ ਖੜਾਕ ਸੁਣਨਾ ਸ਼ੁਰੂ ਕਰੋ। ਪਹਿਲਾਂ ਕੁਝ ਖਰ੍ਹਵਾ ਜਿਹਾ ਜਾਪੇਗਾ। ਪਰ ਤੁਸੀਂ ਇਸ ਦੇ ਨਾਲ 'ਤੂੰ ਹੀ ਤੂੰ' ਜਾਂ 'ਵਾਹਿ-ਗੁਰੂ' ਦੀ ਸੁਰ ਰਲਾ ਦਿਉ । ਵੇਖੋ, ਕੈਸੀ ਮਸਤੀ-ਭਰੀ ਮੌਜ ਬਣ ਜਾਂਦੀ ਹੈ।

ਤੁਸੀਂ ਕਾਰ ਵਿਚ ਬੈਠੇ ਹੋ। ਇੰਜਨ ਦੀ ਅਵਾਜ਼ ਵਲ ਕੰਨ ਲਾ ਦਿਉ। ਤੇ ਅਵਾਜ਼ ਦੇ ਤਾਲ ਨਾਲ ਆਪਣੇ ਅੰਦਰ ਧੁਨੀ ਛੇੜ ਦਿਓ 'ਤੂੰ ਹੀ ਤੂੰ' ਦੀ। ਨਾਲ ਬੈਠੀ ਸਵਾਰੀ ਦੀਆਂ ਗੱਪਾਂ ਵਲੋਂ ਹਟ ਕੇ ਆਪਣੇ ਆਪ ਤੁਹਾਡਾ ਮਨ 'ਤੂੰ ਹੈਂ ਤੂੰ' ਦੀ ਮੌਜ ਵਿਚ ਜੁੜ ਜਾਏਗਾ।

ਤੁਸੀਂ ਪੈਦਲ ਤੁਰੇ ਜਾ ਰਹੇ ਹੋ। ਮਨ ਕਦੇ ਵਿਹਲਾ ਤਾਂ ਰਹਿ ਨਹੀਂ ਸਕਦਾ, ਕਈ ਫੁਰਨੇ ਇਸਦੇ ਅੰਦਰ ਉੱਠਦੇ ਰਹਿੰਦੇ ਹਨ। ਪਰ ਤੁਸੀਂ ਆਪਣੇ ਪੈਰਾਂ ਦੇ ਤਾਲ ਨਾਲ ਆਪਣੇ ਅੰਦਰ 'ਤੂੰ ਹੀ ਤੂੰ' ਜਾਂ 'ਵਾਹਿ-ਗੁਰੂ ਦੀ ਸੁਰ ਛੇੜ ਦਿਉ। ਵੇਖੋ, ਕੈਸੇ ਸੌਖੇ ਤਰੀਕੇ ਨਾਲ ਪੈਂਡਾ ਮੁੱਕਦਾ ਹੈ।

ਤੁਸੀਂ ਕਿਸੇ ਪਹਾੜੀ ਨਦੀ ਦੇ ਕੰਢੇ ਬੈਠੇ ਹੋ। ਪੱਥਰਾਂ ਨਾਲ ਵੱਜਦੇ ਪਾਣੀ ਦੇ ਖੜਾਕ ਨਾਲ ਤੁਸੀਂ 'ਤੂੰ ਹੀ ਤੂੰ' ਰਲਾ ਦਿਉ। ਵੇਖੋ ਕੈਸੀ ਮਸਤੀ ਦੀ ਹਾਲਤ ਬਣਦੀ ਹੈ। ਦੁਨੀਆ ਤੇ ਦੁਨੀਆ ਦੇ ਸਾਰੇ ਚਿੰਤਾ-ਫ਼ਿਕਰ ਕਿਤੇ ਜਾਂਦੇ ਨਹੀਂ ਲਭਦੇ।

ਰਾਤ ਸੌਣ ਵੇਲੇ ਤੁਸੀਂ ਆਪਣੇ ਮੰਜੇ ਤੇ ਲੇਟੇ ਹੋ। ਅੰਦਰ ਬਾਹਰ ਆਉਂਦੇ ਜਾਂਦੇ ਆਪਣੇ ਸਾਹ ਦੇ ਨਾਲ ਤੁਸੀਂ 'ਤੂੰ ਹੀ ਤੂੰ' ਜਾਂ 'ਵਾਹਿ-ਗੁਰੂ' ਦੀ ਸੁਰ ਮੇਲ ਦਿਉ। ਵੇਖੋ, ਕੀ ਮੌਜ ਬਣਦੀ ਹੈ।

ਅਜ ਕਲ ਖੂਹ ਨਹੀਂ ਰਹੇ, ਪਰ ਮਿਸਾਲ ਵਜੋਂ ਤੁਸੀ ਵਗਦੇ ਖੂਹ ਦੀ ਗਾਧੀ ਤੇ ਬੈਠੇ ਹੋ। ਖੂਹ ਦਾ ਰਾਗ ਸੁਣ ਰਹੇ ਹੋ, ਤੇ ਉਸ ਰਾਗ ਦੇ ਨਾਲ ਆਪਣੇ 'ਵਾਹਿ-ਗੁਰੂ' ਨੂੰ ਜੋੜ ਦਿਉ। ਫਿਰ ਇਉਂ ਜਾਪੇਗਾ:

**"ਹਰਹਟ ਭੀ ਤੂੰ ਤੂੰ ਕਰਹਿ, ਬੋਲਹਿ ਭਲੀ ਬਾਣਿ॥"** (ਅੰਕ 1421)

ਬੱਸ ! ਇਸ ਤਰ੍ਹਾਂ ਤੁਰਦਿਆਂ-ਫਿਰਦਿਆਂ, ਉੱਠਦਿਆਂ ਬੈਠਦਿਆਂ, ਕੰਮ-ਕਾਰ ਕਰਦਿਆਂ ਵਾਹਿਗੁਰੂ ਨੂੰ ਗਲੇ ਦਾ ਹਾਰ ਬਣਾਣਾ ਹੈ। ਪੰਚਮ ਪਾਤਸ਼ਾਹ ਲਿਖਦੇ ਹਨ:-

**"ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ॥"** (ਅੰਕ 386)

ਕਿਰਸਾਣ ਆਪਣੇ ਫ਼ਸਲ-ਬੰਨੇ ਦੀ ਰਾਖੀ ਆਦਿਕ ਦਾ ਖਿਆਲ ਤਾਂ ਹਰ ਵੇਲੇ ਰੱਖਦਾ ਹੈ, ਪਰ ਜਿਸ ਨੇ ਬੀਜਣ ਵੇਲੇ ਵੱਤਰ ਦਾ ਵੇਲਾ ਹੀ ਖੁੰਝਾ ਦਿੱਤਾ ਹੋਵੇ, ਉਸਦੀ ਫ਼ਸਲ ਚੰਗੀ ਕਿੱਥੋਂ ਹੋਵੇਗੀ? ਅੱਠੇ ਪਹਿਰ ਪਰਮਾਤਮਾ ਦੇ ਚਰਨਾਂ ਦਾ ਧਿਆਨ ਰੱਖਣਾ-ਇਹ ਅਸਲ ਵਿਚ ਨਾਮ-ਫ਼ਸਲ ਦੀ ਰਾਖੀ ਤੇ ਪਰਵਰਿਸ਼ ਹੈ। ਇਸ ਦੇ ਬੀਜਣ ਦਾ ਅਸਲੀ ਸਮਾਂ ਹੈ ਅੰਮ੍ਰਿਤ ਵੇਲਾ, ਪਰਭਾਤ ਦਾ ਵੇਲਾ, ਜਦੋਂ ਚਿੜੀ ਚੁਹਕਦੀ ਹੈ, ਤੇ ਰੱਬ ਦੇ ਪਿਆਰਿਆਂ ਦੇ ਅੰਦਰ ਸਿਮਰਨ ਦੇ ਤਰੰਗ ਉੱਠਦੇ ਹਨ:

**"ਚਿੜੀ ਚੁਹਕੀ, ਪਹੁ ਫੁਟੀ, ਵਗਨਿ ਬਹੁਤੁ ਤਰੰਗ॥ ਅਚਰਜ ਰੂਪ ਸੰਤਨ ਰਚੇ, ਨਾਨਕ ਨਾਮਹਿ ਰੰਗ॥"** (ਅੰਕ 319)

ਮਨ, ਰਸਨਾ ਅਤੇ ਕਰਮ (ਮਨ , ਬਚ, ਕ੍ਰਮ) ਤਿੰਨਾਂ ਤਰੀਕਿਆ ਰਾਹੀ ਸਿਮਰਨ ਦੀ ਜੁਗਤੀ ਸੰਖੇਪ ਸ਼ਬਦਾਂ ਅੰਦਰ ਵਰਨਣ ਹੈ :

**"ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ॥"** (ਅੰਕ 760)

ਸਿਮਰਨ ਦੀ ਪੌੜੀ ਦੇ ਡੰਡੇ ਚੜ੍ਹਦਿਆਂ ਹੋਇਆ ਇਸ ਦੇ ਸਿਖਰ ਦੇ ਡੰਡੇ ਨੂੰ ਸਦਾ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿਉਂਕਿ ਇਸ ਤੋਂ ਬਿਨਾਂ ਚੜ੍ਹਾਈ ਵਿਚ ਸਫ਼ਲਤਾ ਸੰਭਵ ਨਹੀਂ। ਇਹ ਅਤਿ ਜ਼ਰੂਰੀ ਡੰਡਾ ਵਾਹਿਗੁਰੂ ਦੀ ਨਦਰਿ ਤੇ ਕਰਮ ਦਾ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਮਨੁੱਖ ਸਿਮਰਨ ਦੀਆਂ ਸਾਰੀਆਂ ਸਥਿਤੀਆਂ ਵਿਚੋਂ ਗੁਜ਼ਰਦਾ ਹੋਇਆ ਬਖਸ਼ਿਸ਼ ਦਾ ਪਾਤਰ ਬਣਨ ਲਈ ਹਮੇਸ਼ਾ ਅਰਦਾਸ ਵਾਲੀ ਭਾਵਨਾ ਅੰਦਰ ਵਿਚਰੇ। ਇਹ ਅਰਦਾਸ ਕਰਦਾ ਜਾਏ ਕਿ ਵਾਹਿਗੁਰੂ ਉਸ ਨੂੰ ਆਪਣੀ ਬਖਸ਼ਿਸ਼ ਦਾ ਪਾਤਰ ਬਣਾਵੇ। ਕਦੀ ਵੀ ਆਪਣੀ ਘਾਲਣਾ ਨੂੰ ਨਦਰਿ ਦਾ ਆਧਾਰ ਨਾ ਮੰਨੇ ਕਿਉਂਕਿ ਸਤਿਗੁਰ ਫ਼ੁਰਮਾਉਂਦੇ ਹਨ:

**"ਨਾਨਕ ਨਦਰੀ ਪਾਈਐ ਕੂੜੀ ਕੂੜੈ ਠਸਿ॥"** (ਅੰਕ 7)

ਭਾਵ ਹੇ ਨਾਨਕ! ਜੇ ਅਕਾਲ ਪੁਰਖ ਮਿਹਰ ਦੀ ਨਜ਼ਰ ਕਰੇ ਤਾਂ ਹੀ ਉਸ ਨੂੰ ਮਿਲੀਦਾ ਹੈ, ਨਹੀਂ ਤਾਂ ਝੂਠੇ ਮਨੁੱਖ ਦੀ ਆਪਣੇ ਆਪਦੀ ਨਿਰੀ ਝੂਠੀ ਹੀ ਵਡਿਆਈ ਹੈ ਕਿ ਮੈਂ ਸਿਮਰਨ

ਕਰ ਰਿਹਾ ਹਾਂ। ਪਰ ਸਿਮਰਨ ਦੀ ਬਰਕਤ ਨਾਲ ਹੀ ਨਾਮ ਦੀ ਸੋਝੀ ਪਏਗੀ ।

## ਸਿਮਰਨ ਤੇ ਨਾਮ ਦਾ ਅੰਤਰ ਜਾਨਣਾਂ ਵੀ ਜ਼ਰੂਰੀ ਹੈ

ਸਿਮਰਨ ਨੂੰ ਅਸੀਂ ਉਸ ਦੀ ਯਾਦ ਜਾਂ ਬੰਦਗੀ ਆਖ ਸਕਦੇ ਹਾਂ। ਉਸ ਦੀ ਯਾਦ ਬਣਾਈ ਰਖਣਾ ਹੀ ਸਿਮਰਨ ਹੈ। ਉਸ ਦੀ ਕੁਦਰਤ ਦਾ ਜਲਵਾ ਦੇਖ ਜਦੋਂ ਮੂੰਹੋਂ ਵਾਹ ਨਿਕਲ ਗਿਆ ਤਾਂ ਇੰਜ ਜਾਣੋ ਕਿ ਸਿਮਰਨ ਚਲ ਪਿਆ ਤੇ ਦੇਹੀ ਬਦੇਹੀ ਹੋ ਗਈ। ਸਿਮਰਨ ਨੇ ਸਰੀਰ ਦੀ ਪਕੜ ਛਡਾਉਣੀ ਹੈ। ਸਰੀਰ ਦਾ ਖਿਆਲ ਹਟਾਉਣਾ ਹੀ ਸਿਮਰਨ ਹੈ ਅਤੇ ਉਸ ਵਾਹ ਵਾਹ ਦੇ ਦੇਸ ਟਿਕ ਜਾਣਾ ਨਾਮੁ ਹੈ।

# ਗੁਰਸਿੱਖੀ ਦੇ ਪ੍ਰਚਾਰ ਲਈ ਕੁਝ ਸੁਝਾਓ

**ਪ੍ਰੋਫੈਸਰ ਮਨਿੰਦਰ ਸਿੰਘ (ਐਡਮਿੰਟਨ, ਕੈਨੇਡਾ)**

## ਵਿਅੱਕਤੀਗਤ ਤੌਰ ਤੇ

1. ਗੁਰਬਾਣੀ ਸਿੱਖਮਤਿ ਦਾ ਆਧਾਰ ਹੈ। ਸੋ ਹਰੇਕ ਸਿੱਖ ਦਾ ਫ਼ਰਜ਼ ਹੈ ਕਿ ਉਹ ਗੁਰਬਾਣੀ ਨਾਲ ਜੁੜੇ । ਇਸ ਲਈ ਪਹਿਲਾਂ ਆਪ ਗੁਰਮਖੀ ਲਿੱਪੀ ਸਿਖੇ ਤੇ ਪੰਜਾਬੀ ਬੋਲੀ ਵਿਚ ਪਰਪੱਕ ਹੋਵੇ, ਭਾਵ ਆਪ ਪੰਜਾਬੀ ਪੜ੍ਹਨਾ ਲਿਖਣਾ ਸਿੱਖੇ ਤੇ ਬੋਲੇ। ਪੰਜਾਬ ਸਭਿਆਚਾਰ-ਖਾਣਾ, ਪੀਣਾ, ਪਹਿਨਣਾ, ਪੁਰਬ, ਤਿਉਹਾਰ ਮਨਾਉਣ ਤੇ ਸਮਾਜਕ ਰਸਮ ਰਿਵਾਜ ਅਤੇ ਰੋਜ਼ਾਨਾ ਵਰਤੋਂ ਵਿਹਾਰ ਆਪਣੇ ਪੰਜਾਬੀ ਸਭਿਅਚਾਰ ਅਨੁਸਾਰ ਕਰੇ।
2. ਗੁਰਸਿੱਖ ਪ੍ਰਵਾਰ ਵਿਚ ਗੁਰਬਾਣੀ ਲਈ ਸ਼ਰਧਾ ਤੇ ਪਿਆਰ ਸਤਿਕਾਰ ਹੋਵੇ। ਸਾਰਾ ਪ੍ਰਵਾਰ ਸਵੇਰੇ ਮਿਲਕੇ ਗੁਰਬਾਣੀ ਪਾਠ ਨਿਤਨੇਮ ਤੇ ਅਰਦਾਸ ਨਾਲ ਆਪਣਾ ਦਿਨ ਸ਼ੁਰੂ ਕਰਨ। ਨਾਲ ਨਾਲ ਪਵ੍ਰਾਰਕ ਜੀਆਂ ਤੇ ਬੱਚਿਆ ਨੂੰ ਸਿੱਖ ਇਤਿਹਾਸ ਦੇ ਸੰਤਾ ਭਗਤਾਂ ਤੇ ਸੂਰਮਿਆਂ ਦੀਆਂ ਪਰੇਰਕ ਕਥਾ ਕਹਾਣੀਆਂ ਸੁਣਾਵੇ। ਪਹਿਲੀਆਂ ਵਿਚ ਘਰ ਦੇ ਬਜ਼ੁਰਗ ਦਾਦਾ ਦਾਦੀ ਨਾਨਾ ਨਾਨੀ ਰੋਜ਼ ਬੱਚਿਆਂ ਨੰ ਸਿੱਖ ਇਤਿਹਾਸ ਦੀਆਂ ਸਾਖੀਆਂ ਸੁਣਾਇਆ ਕਰਦੇ ਸਨ ਜਿਸ ਨਾਲ ਸਹਿਜੇ ਹੀ ਬੱਚਿਆਂ ਦੇ ਮਨ ਵਿਚ ਆਪਣੇ ਸਭਿਆਚਾਰ ਪ੍ਰਤੀ ਸਨੇਹ ਸਤਿਕਾਰ ਦੀ ਭਾਵਨਾ ਪੈਦਾ ਹੋ ਜਾਂਦੀ ਸੀ ।
3. ਗੁਰਸਿੱਖ ਵਿਸ਼ੇਸ਼ ਕਰਕੇ ਆਪਣੇ ਬੱਚਿਆਂ ਨੂੰ ਗੁਰਮੁਖੀ ਲਿਪੀ ਤੇ ਪੰਜਾਬੀ ਬੋਲਣੀ ਤੇ ਪੜ੍ਹਨੀ ਲਿਖਣੀ ਸਿਖਾਏ ਅਤੇ ਘਰ ਵਿਚ ਉਨ੍ਹਾ ਨਾਲ ਪੰਜਾਬੀ ਵਿਚ ਗਲਬਾਤ ਕਰੇ। ਬੱਚਿਆਂ ਨੂੰ ਗੁਰਦੁਆਰੇ ਲਿਜਾਕੇ ਸੰਗਤ ਵਿਚ ਬੈਠਣ, ਉਥੇ ਦਿੱਤੀ ਜਾ ਰਹੀ ਸਿਖਿਆ ਸੁਣਨ ਸੇਵਾ ਕਰਨ ਦੀ ਜਾਚ ਸਿਖਾਈ ਜਾਵੇ। ਜੇਕਰ ਹੋ ਸਕੇ ਤਾਂ ਕੀਰਤਨ ਦੀ ਸਿਖਲਾਈ ਵੀ ਕਰਵਾਈ ਜਾਵੇ। ਮਾਪੇ ਆਪਣੇ ਬੱਚਿਆਂ ਦੀ ਰੋਜ਼ਾਨਾ ਸੰਗਤ ਤੇ ਸਿੱਖਿਆ ਦੀ ਪੂਰੀ ਨਿਗਰਾਨੀ ਰੱਖਣ। ਉਨ੍ਹਾ ਦੇ ਰੋਜ਼ਾਨਾ ਸਮੇ ਮੇਲਗੇਲ ਤੇ ਆਣ-ਜਾਣ ਸੰਬੰਧੀ ਪੂਰੀ ਜਾਣਕਾਰੀ ਮਾਪਿਆਂ ਨੂੰ ਜ਼ਰੂਰ ਹੋਣੀ ਚਾਹੀਦੀ ਹੈ। ਜੇ ਬੱਚੇ ਮਾੜੀ ਸੰਗਤ ਵਿਚ ਰਲ ਜਾਣ ਤਾਂ ਉਨ੍ਹਾ ਦੇ ਵਿਗੜਨ ਵਿਚ ਦੇਰ ਨਹੀ ਲਗਦੀ।
4. **"ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ"** ਦੀ ਸਿਖਿਆ ਅਨੁਸਾਰ ਆਂਢ ਗਵਾਢ ਦੇ ਅਨਮਤੀ ਲੋਕਾਂ ਤੇ ਪ੍ਰਵਾਰਾਂ ਨਾਲ ਗੁਰਸਿੱਖ ਸਨੇਹ ਤੇ ਸਤਿਕਾਰ ਦੇ ਸੰਬੰਧ ਬਣਾਵੇ। ਆਪਣੇ ਸਮਾਜਕ ਤੇ ਧਾਰਮਕ ਰਸਮੋ ਰਿਵਾਜਾਂ ਵਿਚ ਉਨ੍ਹਾ ਨੰ ਸੱਦੇ ਅਤੇ ਉਨ੍ਹਾ ਦੇ ਸਮਾਗਮਾਂ ਵਿਚ ਵੀ ਸ਼ਾਮਿਲ ਹੋਵੇ। ਗੁਰਸਿੱਖ ਪ੍ਰਵਾਰ ਘਰ ਆਏ ਗਏ ਦੀ ਆਉ ਭਗਤ ਕਰੇ। ਉਨ੍ਹਾ ਨਾਲ ਸਨੇਹ ਸਤਿਕਾਰ ਨਾਲ ਪੇਸ਼ ਆਵੇ। ਕੋਈ ਲੋੜਵੰਦ ਹੋਵੇ ਤਾਂ ਉਸਦੀ ਯਥਾ ਸ਼ਕਤਿ ਸਹਾਇਤਾ ਕਰੇ। ਤਾਂ ਜੋ ਲੋਕਾਂ ਵਿਚ ਸਿੱਖ ਧਰਮ ਲਈ ਆਦਰ ਸਤਿਕਾਰ ਦੀ ਭਾਵਨਾ ਜਾਗੇ।
5. ਗੁਰਸਿੱਖ ਆਪਣੈ ਰੋਜ਼ਗਾਰ ਦੇ ਸਾਧਨਾਂ ਵਿਚ **"ਘਾਲ ਖਾਇ ਕਿਛ ਹਥਹੁ ਦੇਇ"** ਦਾ ਵਿਹਾਰ ਕਰੇ। ਕਲਕੱਤੇ ਵਿਚ ਪਹਿਲਾਂ ਸਿੱਖ ਟੈਕਸੀ ਡਰਾਈਵਰਾਂ ਦੀ ਭਰਮਾਰ ਸੀ। ਮੈ ਉਥੋਂ ਨਿਕਲਦੀ ਟੈਲੀਗ੍ਰਾਫ਼ ਅਖਬਾਰ ਵਿਚ ਕਲਕਤੇ ਦੇ ਇਕ ਸੀਨੀਅਰ ਪੁਲਿਸ ਅਫ਼ਸਰ ਦਾ ਲੇਖ ਪੜ੍ਹਿਆ ਸੀ ਜਿਸ ਵਿਚ ਉਹ ਆਪਣੀ ਬੇਟੀ ਨੂੰ ਸਮਝਾ ਰਿਹਾ ਸੀ ਕਿ ਜੇਕਰ ਤੂੰ ਸ਼ਹਿਰ ਵਿਚ ਕਿਤੇ ਜਾਣਾ ਹੈ ਤਾਂ ਕਿਸੇ ਸਿੱਖ ਟੈਕਸੀ ਡ੍ਰਾਈਵਰਰ ਦੀ ਗੱਡੀ ਵਿਚ ਜਾਈਂ। ਸੋ ਸਿੱਖ ਦਾ ਸੁੱਚਾ ਸੱਚਾ ਕਾਰੋਬਾਰ ਤੇ ਕਾਰ ਵਿਹਾਰ ਸਿੱਖੀ ਦੇ ਪ੍ਰਚਾਰ ਦਾ ਇਕ ਵੱਡਾ ਸਾਧਨ ਹੈ।

## ਸਮਾਜਕ ਤੌਰ ਤੇ

1. ਸਿੱਖਮਤਿ ਦਾ ਪ੍ਰਚਾਰ ਕੇਂਦਰ ਗੁਰਦੁਆਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪ੍ਰਚਾਰ ਦੌਰਿਆਂ ਵਿਚ ਲੋਕ ਕਲਿਆਣ ਹੇਤੁ ਥਾਓਂ ਥਾਈਂ ਸੰਗਤਾਂ ਸਥਾਪਤ ਕੀਤੀਆਂ ਜਿਨ੍ਹਾਂ ਨੂੰ ਪਹਿਲਾਂ ਧਰਮਸਾਲ ਕਿਹਾ ਜਾਂਦਾ ਸੀ ਤੇ ਜਿਸਦਾ ਵਰਤਮਾਨ ਰੂਪ ਗੁਰਦੁਆਰਾ ਹੈ। ਗੁਰਦੁਆਰਾ ਸਾਰੇ ਸੰਸਾਰ ਦੇ ਸਿਖਾਂ ਦਾ ਪ੍ਰਚਾਰ ਕੇਂਦਰ ਹੈ ਅਤੇ ਗ੍ਰੰਥੀ ਕੇਂਦਰੀ ਸਿੱਖ ਪ੍ਰਚਾਰਕ ਹੈ। ਬਾਬਾ ਬੁਢਾ ਜੀ ਵਰਗੇ ਮਹਾਨ ਸਿੱਖ ਤੋਂ ਗੁਰੂ ਘਰ ਦੇ ਇਸ ਪ੍ਰਚਾਰਕ ਅਹੁਦੇ ਦਾ ਆਰੰਭ ਹੋਇਆ। ਪਰੰਤੂ ਵਰਤਮਾਨ ਸਮੇਂ ਵਿਚ ਗੁਰਦੁਆਰਿਆਂ ਵਿਚ ਨਿਯੁੱਕਤ ਤਨਖਾਹਦਾਰ ਗ੍ਰੰਥੀਆਂ ਤੋਂ ਸਿੱਖੀ ਪਰਚਾਰ ਦੀ ਬਹੁਤੀ ਆਸ ਨਹੀ ਕੀਤੀ ਜਾ ਸਕਦੀ। ਸੋ ਕੌਮ ਦਾ ਪਹਿਲਾ ਫ਼ਰਜ਼ ਹੈ ਕਿ ਗੁਰਮਤਿ ਦੇ ਚੰਗੇ ਗਿਆਨਵਾਨ ਤੇ ਸ੍ਰੇਸ਼ਟ ਆਚਾਰਵਾਨ ਗ੍ਰੰਥੀ ਪੈਦਾ ਕਰੇ ਤੇ ਉਨ੍ਹਾਂ ਨੂੰ ਗੁਰਦੁਆਰਿਆ ਦੀ ਸੇਵਾ ਵਿਚ ਨਿਯੁੱਕਤ ਕਰੇ। ਸੰਗਤ ਉਨ੍ਹਾਂ ਦਾ ਪੂਰਾ ਸਤਿਕਾਰ ਕਰੇ ਅਤੇ ਉਨ੍ਹਾਂ ਦੀ ਯੋਗਤਾ ਤੇ ਲੋੜ ਅਨੁਸਾਰ ਚੰਗੀਆਂ ਰਿਹਾਇਸ਼ੀ ਤੇ ਮਾਲੀ ਸਹੂਲਤਾਂ ਦੇਵੇ।
2. ਗੁਰਦੁਆਰਿਆਂ ਦਾ ਮੂਲ ਉਦੇਸ਼ ਸਤਿਸੰਗਤ ਦਾ ਸੁਮੇਲ ਕਰਨਾ ਹੈ। ਗੁਰਮਤਿ ਅਨੁਸਾਰ ਸਤਿਸੰਗਤ **"ਕੇਵਲ ਨਾਮ ਵਖਾਣੀਐ"** ਭਾਵ ਨਿਰੋਲ ਗੁਰਬਾਣੀ ਤੇ ਸਿਖੀ ਦੇ ਪ੍ਰਚਾਰ ਦੀ ਜ਼ਾਮਨ ਹੁੰਦੀ ਹੈ। ਸੋ ਗੁਰਦੁਆਰਿਆਂ ਵਿਚ ਕੇਵਲ ਗੁਰਬਾਣੀ ਕੀਰਤਨ ਤੇ ਗੁਰਬਾਣੀ ਦੀ ਕੱਥਾ ਵਿਚਾਰ ਤੇ ਸਿੱਖ ਮਰਿਆਦਾ ਸਭਿਆਚਾਰ ਤੇ ਇਤਿਹਾਸਕ ਵਿਸ਼ਿਆ ਦੇ ਵਿਆਖਿਆਨ ਅਤੇ ਸਿੱਖਾਂ ਦੇ ਸਮਾਜਕ ਸੰਸਕਾਰ ਹੀ ਹੋਣੇ ਚਾਹੀਦੇ ਹਨ। ਸਤਿਸੰਗਤ ਨੂੰ ਰਾਜਨੀਤੀ, ਚੋਣਾ ਅਤੇ ਧੜੇਬੰਦੀ ਤੋਂ ਪਾਸੇ ਰੱਖਣਾ ਚਾਹੀਦਾ ਹੈ ਜਿਨ੍ਹਾ ਵਿਚ ਬਹੁਤ ਸਾਰੀਆਂ ਗੁਰਮਤਿ ਵਿਰੋਧੀ ਅਲਾਮਤਾਂ ਸ਼ਾਮਿਲ ਹੁੰਦੀਆਂ ਹਨ।
3. ਗੁਰਦੁਆਰਾ ਕਮੇਟੀਆਂ ਦੀਆਂ ਚੋਣਾਂ ਦਾ ਵਿਧਾਨ ਧੜੇ ਬੰਦੀ ਤੇ ਆਪਸੀ ਵੈਰ ਭਾਵ ਤੇ ਕਲਾਹ ਕਲੇਸ਼ ਦਾ ਕਾਰਣ ਬਣਦਾ ਜਾ ਰਿਹਾ ਹੈ। ਗੁਰੂ ਕਾਲ ਵਿਚ ਸਤਿਗੁਰਾਂ ਨੇ ਉੱਚੇ ਸੁੱਚੇ ਜੀਵਨ ਵਾਲੇ ਗੁਰਸਿਖਾਂ ਨੂੰ ਆਪਣੇ ਪ੍ਰਚਾਰ ਕੇਂਦਰਾਂ (ਮੰਜੀਆਂ) ਦੇ ਮੰਜੀਦਾਰ ਸਥਾਪਤ ਕੀਤਾ ਸੀ ਜਿਨ੍ਹਾਂ ਨੂੰ ਮਸੰਦ ਕਿਹਾ ਜਾਂਦਾ ਸੀ। ਪਰ ਜਦੋਂ ਉਹ ਕੁਰੱਪਟ ਹੋ ਗਏ ਤਾਂ ਦਸਮ ਗੁਰਾਂ ਨੇ ਉਨ੍ਹਾਂ ਦੀ ਮਾਨਤਾ ਖਤਮ ਕਰ ਦਿੱਤੀ ਤੇ ਗੁਨਹਗਾਰਾਂ ਨੂੰ ਸ਼ਜ਼ਾਵਾਂ ਵੀ ਦਿੱਤੀਆਂ। ਕਿਹਾ ਚੰਗ ਹੋਵੇ ਕਿ ਸਿੱਖ ਸੰਗਤਾਂ ਗੁਰਸਿਖੀ ਜੀਵਨ ਵਾਲੇ ਪ੍ਰਬੰਧਕ ਸਰਬ ਸੰਮਤੀ ਨਾਲ ਚੁਣਕੇ ਗੁਰਦੁਅਰਾ ਕਮੇਟੀਆਂ ਬਣਾਵੇ। ਜੇ ਕਿਧਰੇ ਕੋਈ ਸੰਗਤ ਇਹ ਸਿਸਟਮ ਸ਼ੁਰੂ ਕਰ ਦੇਵੇ ਤਾਂ ਰੀਸੋ ਰੀਸੀ ਇਹ ਮਰਿਆਦਾ ਫ਼ੈਲ ਸਕਦੀ ਹੈ।
4. ਗੁਰੂ ਸਾਹਿਬਾਨ ਦੇ ਸਮੇ ਸੰਗਤਾਂ ਦੁਆਰਾ ਸਿੱਖ ਸਮਾਜ ਦੇ ਜ਼ਾਤੀ, ਪ੍ਰਵਾਰਕ ਅਤੇ ਸੰਸਾਰੀ ਕਾਰਜਾਂ ਦੀ ਪੈਰਵੀ ਵੀ ਕੀਤੀ ਜਾਂਦੀ ਸੀ। ਜਿਵੇਂ ਜਿਗਿਆਸੂ ਸਿੱਖ ਸੇਵਕਾਂ ਦੀਆ ਅਧਿਆਤਮਕ ਪੁੱਛਾਂ ਦੀ ਸੰਤੁਸ਼ਟੀ ਕਰਨਾ, ਪ੍ਰਵਾਰਾਂ ਦੀਆਂ ਘਰੇਲੂ ਸਮਸਿਆਵਾਂ ਦਾ ਹੱਲ ਕਰਨਾ, ਕਾਰੋਬਾਰ ਵਿਚ ਸਹਾਇਤਾ ਕਰਨਾ, ਰੋਗਾਂ ਸੋਗਾਂ ਦਾ ਸਮਾਂਧਾਨ ਕਰਨਾ, ਘਰ ਤੇ ਨਗਰ ਵਸਾਣੇ। ਅਜ ਦੇ ਸਮੇਂ ਕਈ ਗੁਰਦੁਆਰਾ ਕਮੇਟੀਆਂ ਅਜਿਹੇ ਕੁਝ ਕਾਰਜ ਕਰ ਰਹੀਆਂ ਹਨ, ਜਿਵੇਂ ਬੀਮਾਰਾਂ ਲਈ ਡਿਸਪੈਨਸਰੀਆਂ, ਦਵਾਖਾਨੇ ਤੇ ਹਸਪਤਾਲ ਚਲਾਣੇ, ਰਿਸ਼ਤਿਆਂ ਨਾਤਿਆਂ ਦੇ ਸੰਬੰਧ ਜੋੜਨੇ, ਵਿਦਿਆਰਥੀਆਂ ਲਈ ਸਕੂਲ ਤੇ ਕਾਲਜ ਸਥਾਪਤ ਕਰਨੇ, ਲੋੜਵੰਦਾਂ ਦੀ ਆਰਥਕ ਸਹਾਇਆ ਕਰਨੀ, ਆਪਸੀ ਝਗੜੇ ਝੇੜੇ ਨਿਬੇੜਨੇ। ਮੈਨੂੰ ਇਕ ਅਜਿਹੇ ਵੱਡੇ ਸ਼ਹਿਰ ਦਾ ਪਤਾ ਹੈ ਜਿੱਥੋਂ ਦੇ 24 ਗੁਰਦੁਆਰਿਆਂ ਨੇ ਇਕ ਸਾਂਝੀ ਕਮੇਟੀ ਬਣਾਈ ਹੋਈ ਹੈ ਜੋ ਸਿੱਖ ਸਮਾਜ ਦੇ ਝਗੜਿਆਂ ਦੇ ਫ਼ੈਸਲੇ ਕਰਦੀ ਹੈ। ਸੋ ਸੰਗਤਾਂ ਦੀ ਸਹਿਮਤੀ ਤੇ ਸਹਿਯੋਗ ਨਾਲ ਅਜਿਹੇ ਕਾਰਜ ਤੇ ਸੇਵਾਵਾਂ ਗੁਰਦੁਆਰਾ ਕਮੇਟੀਆਂ ਨੂੰ ਆਰੰਭ ਕਰਨਾ ਚਾਹੀਦਾ ਹੈ।
5. ਗੁਰਪੁਰਬਾਂ ਅਤੇ ਨਗਰ ਕੀਰਤਨਾਂ ਦੇ ਮੋਕੇ ਤੇ ਬਹੁਤਾ ਲੰਗਰਾਂ ਤੇ ਪ੍ਰਦਰਸ਼ਨੀ ਦਿਖਾਵਿਆਂ ਤੇ ਜ਼ੋਰ

ਦਿੱਤਾ ਜਾਂਦਾ ਹੈ। ਇਹ ਮੌਕੇ ਆਮ ਮਲਟੀ ਕਲਚਰਲ ਸ਼ਹਿਰੀ ਜਨਤਾ ਨੂੰ ਸਿੱਖ ਧਰਮ ਤੇ ਸਭਿਆਚਾਰ ਦੀ ਮਹਾਨਤਾ ਦੀ ਜਾਣਕਾਰੀ ਦੇਣ ਤੇ ਵਰਤੇ ਜਾਂਣੇ ਚਾਹੀਦੇ ਹਨ। ਇਸ ਪ੍ਰਯੋਜਨ ਲਈ ਸਿੱਖ ਧਰਮ ਨਾਲ ਸੰਬੰਧਤ ਕਿਤਾਬਚੇ ਤੇ ਪੁਸਤਕਾਂ ਦੇ ਲੰਗਰ ਲਾਣੇ ਚਾਹੀਦੇ ਹਨ। ਆਮ ਜਨਤਾ ਦੀ ਬੋਲੀ ਵਿਚ ਸਿੱਖ ਧਰਮ ਦੀ ਵਿਸ਼ੇਸਤਾ ਬਾਰੇ ਚੰਗੇ ਵਿਦਵਾਨਾਂ ਦੇ ਲੈਕਚਰ ਕਰਵਾਏ ਜਾਣੇ ਚਾਹੀਦੇ ਹਨ। ਸ਼ਹਿਰ ਦੇ ਨਾਮਵਰ ਵਿਅੱਕਤੀਆਂ ਨੂੰ ਸਦਾ ਪੱਤਰ ਭੇਜ ਕੇ ਸ਼ਾਮਿਲ ਹੋਣ ਲਈ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ। ਭਾਰਤ ਦੀ ਇਕ ਗੁਰਦੁਆਰਾ ਕਮੇਟੀ ਹਰ ਸਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਸਦਭਾਵਨਾ ਦਿਵਸ ਮਨਾਉਂਦੀ ਹੈ, ਜਿਸ ਵਿਚ ਇਲਾਕੇ ਦੇ ਸਭ ਧਰਮਾਂ ਦੇ ਨਾਮੀ ਵਿਅੱਕਤੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਇਕੱਠ ਕੀਤਾ ਜਾਂਦਾ ਹੈ। ਚੰਗੇ ਵਿਦਵਾਨ ਬੁਲਾਏ ਜਾਂਦੇ ਹਨ ਜੋ ਅੰਗ੍ਰੇਜ਼ੀ ਅਤੇ ਰਾਸ਼ਟਰ ਭਾਸ਼ਾਂ ਹਿੰਦੀ ਵਿਚ ਸਿੱਖ ਧਰਮ ਦੀਆਂ ਧਾਰਮਕ ਤੇ ਸਭਿਆਚਾਰਕ ਵਿਸ਼ੇਸ਼ਤਾਵਾਂ ਬਾਰੇ ਲੈਕਚਰ ਦਿੰਦੇ ਹਨ।

6. ਸਿਖ ਸੰਸਥਾਵਾਂ ਨੂੰ ਆਪਣੀ ਹੋਣਹਾਰ ਪਨੀਰੀ ਬੱਚਿਆਂ ਤੇ ਨੌਜਵਾਨਾਂ ਨੂੰ ਆਪਣੀ ਬੋਲੀ ਸਿੱਖ ਵਿਰਸਾ ਸਭਿਆਚਾਰ ਰਹਿਤ ਬਹਿਤ ਤੇ ਮਹਾਨ ਇਤਿਹਾਸ ਦੀ ਜਾਣਕਾਰੀ ਦੇਣ ਲਈ ਹਰੇਕ ਗੁਰਦੁਆਰੇ ਵਿਚ ਗੁਰਮਤਿ ਪੰਜਾਬੀ ਸਕੂਲ ਸਥਾਪਤ ਕਰਨ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਮੈਨੂੰ ਖਾਲਸਾ ਦੀਵਾਨ ਮਲੇਸ਼ੀਆ ਦੀ ਜਾਣਕਾਰੀ ਹੈ, ਜਿਨ੍ਹਾਂ ਦੇਸ਼ ਦੇ ਕਈ ਸ਼ਹਿਰਾਂ ਵਿਚ ਆਪਣੇ ਬੱਚਿਆਂ ਲਈ ਪੰਜਾਬੀ ਸੰਡੇ-ਸਕੂਲ ਚਲਾਏ ਹੋਏ ਹਨ, ਜਿਨ੍ਹਾ ਦਾ ਸਾਰਾ ਪ੍ਰਬੰਧ ਦੀਵਾਨ ਵੱਲੋਂ ਕੀਤਾ ਜਾਂਦਾ ਹੈ। ਸਮੇ ਸਮੇ ਸਿਰ ਵਿਦਿਆਰਥੀਆਂ ਦੇ ਗੁਰਮਤਿ ਕੈਂਪਾਂ ਤੇ ਸੈਮੀਨਾਰਾਂ ਦਾ ਆਯੋਜਕ ਵੀ ਕੀਤਾ ਜਾਂਦਾ ਹੈ।

7. ਸਿਖ ਧਰਮ ਸਾਰੀ ਮਨੁੱਖਤਾ ਲਈ ਰੋਜ਼ਾਨਾ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ। ਕਈ ਸਿੱਖ ਸੰਸਥਾਵਾਂ ਦੁਆਰਾ ਫ਼ੂਡ-ਬੈਂਕ ਚਲਏ ਜਾਣ ਦੀਆਂ ਖਬਰਾਂ ਆਉਂਦੀਆਂ ਹਨ। ਕੁਦਰਤੀ ਆਫ਼ਤਾਂ ਹੜ੍ਹ ਤੂਫ਼ਾਨ ਭੂਚਾਲ ਅਤੇ ਹੋਰ ਅਜਿਹੀਆਂ ਮੁਸੀਬਤਾਂ ਸਮੇ ਕਈ ਸਿੱਖ ਸੰਸਥਾਵਾਂ ਵੱਲੋਂ ਲੰਗਰ ਤੇ ਮੈਡੀਕਲ ਕੈਂਪ ਲਗਾਏ ਜਾਂਦੇ ਹਨ। ਜੋ ਸਿੱਖੀ ਦੇ ਅਮਲੀ ਪ੍ਰਚਾਰ ਦਾ ਪ੍ਰਗਟਾਵਾ ਕਰਦੇ ਹਨ। ਇਸ ਤੋਂ ਇਲਾਵਾਂ ਅਨਮਤਾਂ ਦੇ ਲੋਕਾਂ ਨਾਲ ਆਪਸੀ ਮਿਲਵਰਤਨ ਤੇ ਸੂਝ ਬੂਝ ਵਧਾਉਣ ਲਈ ਸ਼ਹਿਰਾਂ ਦੀਆਂ ਧਾਰਮਕ ਸੰਸਥਾਵਾਂ ਦੀਆਂ ਮਿਲਣੀਆਂ ਤੇ ਵਿਚਾਰ ਵਟਾਂਦਰਾ ਕਰਨ ਦੀ ਵੀ ਲੋੜ ਹੈ। ਕਈ ਸਾਲ ਪਹਿਲਾਂ ਕੈਲਗਰੀ ਵਿਚ ਇਕ ਇੰਟਰ-ਰੀਲੀਜੀਅਸ ਸੋਸਾਇਟੀ ਵੀ ਚਲਦੀ ਰਹੀ ਹੈ ਜਿਸਦੀਆਂ ਕੁਝ ਮਿਲਣੀਆਂ ਸਿਖ ਸੋਸਾਇਟੀ ਦੇ ਗੁਰਦੁਆਰਾ ਅਹਾਤੇ ਵਿਚ ਵੀ ਕੀਤੀਆਂ ਗਈਆਂ ਸਨ। ਇਕ ਵਾਰ ਸ਼ਹਿਰ ਦੇ ਮੁਸਲਿਮ ਅਹਿਮਦੀਆਂ ਸਮਾਜ ਵੱਲੋਂ ਉਨ੍ਹਾਂ ਦੀ ਮਸੀਤ ਵਿਚ ਗੁਰੂ ਨਾਨਕ ਵੇਵ ਜੀ ਦਾ ਪ੍ਰਕਾਸ਼ ਉਤਸਵ ਵੀ ਮਨਾਇਆ ਗਿਆ ਸੀ ਜਿਸਦੀ ਹਾਜ਼ਰੀ ਸਿੱਖ ਸੰਗਤਾ ਨੇ ਵੀ ਭਰੀ ਸੀ। ਅਜਿਹੇ ਕਾਰਜ ਵੀ ਸਿੱਖੀ ਦੇ ਪ੍ਰਚਾਰ ਵਿਚ ਸਹਾਈ ਹੋ ਸਕਦੇ ਹਨ।

# ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ

ਇੰਜੀ ਕਰਮਜੀਤ ਸਿੰਘ ਨੂਰ (ਜਲੰਧਰ, 9815023970)

ਸੁਖਮਨੀ ਸਾਹਿਬ ਸਿੱਖ ਧਰਮ ਵਿੱਚ ਸ਼ਾਂਤੀ, ਅਧਿਆਤਮਿਕ ਆਨੰਦ ਅਤੇ ਪ੍ਰਭੂ ਸਿਮਰਨ ਦਾ ਮਹਾਨ ਸੋਮਾ ਹੈ। ਇਸ ਬਾਣੀ ਦਾ ਮੁੱਖ ਸੰਕਲਪ ਮਨੁੱਖੀ ਮਨ ਨੂੰ ਭਟਕਣਾ, ਦੁੱਖਾਂ ਅਤੇ ਅਸ਼ਾਂਤੀ ਤੋਂ ਮੁਕਤ ਕਰਕੇ ਪ੍ਰਮਾਤਮਾ ਦੀ ਯਾਦ (ਸਿਮਰਨ) ਰਾਹੀਂ ਸਦੀਵੀ ਸੁਖ, ਗਿਆਨ ਅਤੇ ਆਤਮਿਕ ਟਿਕਾਅ ਪ੍ਰਦਾਨ ਕਰਨਾ ਹੈ।

## ਰਚਨਾ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਦੀ ਰਚਨਾ ਅੰਮ੍ਰਿਤਸਰ ਵਿੱਚ ਰਾਮਸਰ ਸਰੋਵਰ ਦੇ ਕੰਢੇ ਤੇ ਬੈਠ ਕੇ ਕੀਤੀ, ਜਿਸ ਵਿੱਚ 24 ਸਲੋਕ ਅਤੇ 24 ਅਸ਼ਟਪਦੀਆਂ ਹਨ। ਹਰ ਸਲੋਕ ਦਾ ਵਿਸ਼ਾ ਅਸ਼ਟਪਦੀ ਨਾਲ ਮੇਲ ਖਾਂਦਾ ਹੋਣ ਕਰਕੇ ਉਸ ਦੇ ਨਾਲ ਲਗਾਇਆ ਗਿਆ ਹੈ।

ਇਸ ਬਾਣੀ ਦਾ ਪਾਠ ਕਰਨ ਅਤੇ ਕਮਾਉਣ ਨਾਲ ਮਨੁੱਖ ਨੂੰ ਅਜਿਹੀ ਉੱਚੀ ਸੁਰਤ ਪ੍ਰਾਪਤ ਹੁੰਦੀ ਹੈ ਜਿੱਥੇ ਸਿਰਫ਼ ਆਨੰਦ ਹੀ ਆਨੰਦ ਹੁੰਦਾ ਹੈ। ਇਹ ਬਾਣੀ ਗੁਰੁ ਗਰੰਥ ਸਾਹਿਬ ਵਿਚ ਗਉੜੀ ਸੁਖਮਨੀ ਮ: 5 ਦੇ ਸਿਰਲੇਖ ਹੇਠ ਅੰਗ 262 ਤੇ ਦਰਜ ਹੈ।

## ‘ਸੁਖਮਨੀ’ ਵਿੱਚ ਸੁਖ ਦਾ ਸੰਕਲਪ

ਪੰਚਮ ਪਾਤਸ਼ਾਹ ਸ੍ਰੀ ਗੁਰੁ ਅਰਜਨ ਦੇਵ ਜੀ ਨੇ ਬਾਣੀ ਸੁਖਮਨੀ ਦੇ 'ਰਹਾਉ' ਵਿੱਚ ਹੀ ਸੁਖਮਨੀ ਸ਼ਬਦ ਦੇ ਅਰਥ ਸਪੱਸ਼ਟ ਕਰ ਦਿੱਤੇ ਹਨ। **"ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ, ਭਗਤ ਜਨਾ ਕੈ ਮਨਿ ਬਿਸ੍ਰਾਮੁ"**॥ ਇਹ ਇਸ ਬਾਣੀ ਦਾ ਰਹਾਉ ਹੈ। ਰਹਾਉ ਦੇ ਅਰਥ ਹਨ ਠਹਿਰਾਉ। ਭਾਵ ਏਥੇ ਰੁਕਣਾ ਹੈ ਅਤੇ ਇਸ ਨੂੰ ਵੀਚਾਰਨਾ ਹੈ। ਕਿਉਂ ਕਿ ਰਹਾਉ ਹੀ ਉਸ ਬਾਣੀ ਜਾਂ ਉਸ ਸ਼ਬਦ ਦਾ ਮੂਲ ਸਿਧਾਂਤ ਰੂਪ (CENTRAL IDEA), ਅਥਵਾ ਕੇਂਦਰੀ ਭਾਵ ਹੁੰਦਾ ਹੈ।

ਉਹ ਸਾਰੀ ਬਾਣੀ ਉਨ੍ਹਾਂ ਰਹਾਉ ਵਾਲੀਆਂ ਪੰਗਤੀਆਂ ਤੇ ਹੀ ਨਿਰਧਾਰਿਤ ਹੁੰਦੀ ਹੈ। ਇਸੇ ਤਰਾਂ ਇਹ ਸਾਰੀ ਬਾਣੀ "ਸੁਖਮਨੀ" ਵੀ ਇਨ੍ਹਾਂ ਤੁਕਾਂ ਦੀ ਵਿਆਖਿਆ ਹੀ ਹੈ।

ਪ੍ਰੋ. ਸਾਹਿਬ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀ ਦੂਜੀ ਪੋਥੀ ਦੇ ਪੰਨਾ 564 ਤੇ ਇਨ੍ਹਾਂ ਤੁੱਕਾਂ ਦੇ ਅਰਥ ਇਉ ਕੀਤੇ ਹਨ:- "ਪ੍ਰਭੂ ਦਾ ਨਾਮ ਹੀ ਸਭ ਸੁਖਾਂ ਦਾ ਮੂਲ ਹੈ ਤੇ ਇਹ ਮਿਲਦਾ ਹੈ ਗੁਰਮੁਖਾਂ ਤੋਂ, ਕਿਉਂ ਕਿ ਇਹ ਵਸਦਾ ਹੀ ਉਹਨਾਂ ਦੇ ਹਿਰਦੇ ਵਿੱਚ ਹੈ।

## “ਸੁਖਮਨੀ” (ਸੁਖਾਂ ਦੀ ਮਣੀ)

ਸਭ ਤੋਂ ਸਰੇਸ਼ਟ ਸੁਖ ਦੇਣ ਵਾਲੇ ਪਰਮਾਤਮਾ ਦਾ ਅੰਮ੍ਰਿਤ ਨਾਮ ਹੀ ਸੁੱਖਾਂ ਦੀ ਮਣੀ ਹੈ, ਕਿਉਂਕਿ ਸ਼ਬਦ 'ਸੁਖ' ਇਸ ਬਾਣੀ ਦੇ ਸਿਰਲੇਖ ਅਤੇ ਰਹਾਉ ਵਿੱਚ ਆਇਆ ਹੈ। ਸ਼ਾਇਦ ਇਸ ਕਰਕੇ ਸ਼ਰਧਾਲੂਆਂ ਦੇ ਮਨਾਂ ਵਿੱਚ ਇਹ ਵਿਚਾਰ ਘਰ ਕਰ ਗਿਆ ਹੈ ਕਿ ਇਹ ਬਾਣੀ ਪੜ੍ਹਿਆਂ ਹੀ ਮਨੁੱਖ ਨੂੰ ਸਾਰੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਜੇ ਅਜਿਹਾ ਹੁੰਦਾ ਤਾਂ ਅਸੀਂ ਅਕਸਰ ਦੇਖਦੇ ਹਾਂ ਕਿ ਕਿਤਨੇ ਸੁਖਮਨੀ ਸਾਹਿਬ ਦੇ ਪਾਠ ਰੋਜ ਪੜ੍ਹੇ ਜਾ ਰਹੇ ਹਨ। ਇਥੋਂ ਤੱਕ ਕਿ ਸੁਖਮਣੀ ਸਾਹਿਬ ਦੇ ਨਾਂ ਤੇ ਹਰ ਸ਼ਹਿਰ ਵਿੱਚ ਸੁਖਮਣੀ ਸਾਹਿਬ ਸੇਵਾ ਸੋਸਾਇਟੀਆਂ ਬਣੀਆਂ ਹੋਈਆਂ ਹਨ ਜੋ ਹਰ ਰੋਜ਼ ਜਾਂ ਹਰ ਹਫਤੇ ਸੁਖਮਨੀ ਸਾਹਿਬ ਦਾ ਪਾਠ ਕਰਦੀਆਂ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਤਾਂ ਇਸਤਰੀ ਸਤਿਸੰਗ ਸਭਾਵਾਂ 40-40 ਦਿਨ ਸੁਖਮਨੀ ਸਾਹਿਬ ਦਾ ਪਾਠ ਪੜ੍ਹਦੀਆਂ ਹਨ। ਕਈ ਲੋਕ ਆਪਣੇ ਤੌਰ ਤੇ ਵੀ ਰੋਜ਼ਾਨਾ ਇੱਕ ਜਾਂ ਇੱਕ ਤੋਂ ਜਿਆਦਾ ਸੁਖਮਣੀ ਸਾਹਿਬ ਦੇ ਪਾਠ ਪੜ੍ਹਦੇ ਹਨ। ਪਰ ਕੀ ਸਾਰਿਆਂ ਨੂੰ ਸਾਰੇ ਸੁੱਖ ਪ੍ਰਾਪਤ ਹੋ ਗਏ ਹਨ? ਕਤਈ ਨਹੀਂ। ਬਿਲਕੁਲ ਵੀ ਨਹੀਂ ।

ਗੱਲ ਕੇਵਲ ਸੁਖਮਣੀ ਸਾਹਿਬ ਦੀ ਨਹੀਂ, ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਜਿੰਨੀ ਵਾਰ

ਮਰਜ਼ੀ ਪੜ੍ਹ ਲਓ ਪੜ੍ਹਨ ਨਾਲ ਕਦੇ ਵੀ ਸੁੱਖਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਿਤਨੇ ਸਹਿਜ ਪਾਠ, ਕਿਤਨੇ ਅਖੰਡ ਪਾਠ ਰੋਜ ਹੋ ਰਹੇ ਹਨ, ਕੀ ਸਭ ਨੂੰ ਸੁੱਖਾਂ ਦੀ ਪ੍ਰਾਪਤੀ ਹੋ ਗਈ? ਅਸਲ ਵਿੱਚ ਆਮ ਲੋਕਾਂ ਤੱਕ ਇਹੀ ਪ੍ਰਚਾਰਿਆ ਗਿਆ ਹੈ। ਖਾਸ ਕਰ ਬਾਬਿਆਂ ਦੇ ਡੇਰਿਆਂ ਵੱਲੋਂ ਕਿ ਇਤਨੇ ਸੁਖਮਨੀ ਸਾਹਿਬ ਤੇ ਪਾਠ ਕਰੋ ਤਾਂ ਤੁਹਾਡੇ ਘਰਾਂ ਵਿੱਚ ਸਾਰੇ ਸੁੱਖ ਆ ਜਾਣਗੇ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਬਾਣੀ ਦਾ ਨਾਮ ਸੁਖਮਣੀ ਭਾਵ ਸੁੱਖਾਂ ਦੀ ਮਣੀ ਕਿਉਂ ਰੱਖਿਆ ਗਿਆ ਹੈ। ਸੁੱਖਾਂ ਦੀ ਮਣੀ ਅਸਲ ਵਿੱਚ ਹੈ ਕੀ?

ਬਾਣੀ ਪੜ੍ਹਨੀ ਮਾੜੀ ਨਹੀਂ ਹੈ। ਪਰ ਇਹ ਪਹਿਲਾ ਸਟੈਪ ਹੈ। ਬਹੁਤੇ ਸਿੱਖ ਪਹਿਲੇ ਸਟੈਪ ਤੱਕ ਹੀ ਰੁਕ ਜਾਂਦੇ ਹਨ। ਬਾਣੀ ਪੜ੍ਹਨ ਤੋਂ ਬਾਅਦ ਉਸ ਨੂੰ ਵਿਚਾਰਨਾ, ਸਮਝਣਾ ਤੇ ਉਸ ਵਿੱਚ ਦਿੱਤੇ ਹੋਏ ਉਪਦੇਸ਼ਾਂ ਨੂੰ ਜਾਨਣਾ ਅਤੇ ਉਹਨਾਂ ਤੇ ਅਮਲ ਕਰਨਾ ਅਥਵਾ ਕਮਾਉਣਾ, ਅਤੇ ਉਸ ਵਿੱਚ ਦਰਸਾਏ ਹੋਏ ਸਿਧਾਂਤਾਂ ਤੇ ਅਮਲ ਕਰਨਾ ਹੀ ਬਾਣੀ ਦਾ ਮੂਲ ਮਕਸਦ ਹੈ।

**"ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥"**

**"ਡਿਠੈ ਮੁਕਤਿ ਨ ਹੋਵਈ ਜਿਚਰੁ ਸ਼ਬਦਿ ਨਾ ਕਰੇ ਵੀਚਾਰੁ॥"**

ਅੱਜ ਕੱਲ ਅਸੀਂ ਹਰ ਕੰਮ ਵਿੱਚ ਸ਼ਾਰਟ ਕੱਟ ਭਾਲਦੇ ਹਾਂ। ਪਹਿਲਾਂ ਕੇਵਲ ਸਹਿਜ ਪਾਠ ਕਰਨ ਜਾਂ ਕਰਾਉਣ ਦੀ ਹੀ ਰਿਵਾਇਤ ਸੀ ਜਿਹੜੇ ਪੜ੍ਹ ਸਕਦੇ ਸਨ ਉਹ ਆਪ ਸਹਿਜ ਪਾਠ ਕਰਦੇ ਸਨ। ਫਿਰ ਅਖੰਡ ਪਾਠ ਆ ਗਏ। ਹਰ ਕਾਰਜ ਕਰਨ ਤੋਂ ਪਹਿਲਾਂ ਹਰ ਗੁਰਸਿੱਖ ਸਹਿਜ ਪਾਠ ਜਾਂ ਅਖੰਡ ਪਾਠ ਆਪਣੇ ਘਰ ਵਿੱਚ ਜਰੂਰ ਕਰਦੇ ਜਾਂ ਕਰਵਾਉਂਦੇ ਸਨ। ਪਰ ਹੌਲੀ ਹੌਲੀ ਉਹਨਾਂ ਦੀ ਥਾਂ ਸੁਖਮਣੀ ਸਾਹਿਬ ਦੇ ਪਾਠ ਨੇ ਲੈ ਲਈ। ਹੁਣ ਹਰ ਕਾਰਜ ਵਿੱਚ ਸੁਖਮਨੀ ਸਾਹਿਬ ਦੇ ਪਾਠ ਨਾਲ ਹੀ ਸਾਰ ਲਿਆ ਜਾਂਦਾ ਹੈ। ਦੁਨੀਆ ਇੰਨੀ ਫਾਸਟ ਹੋ ਗਈ ਹੈ। ਇਸ ਤੋਂ ਅੱਗੇ ਕੀ ਹੋਣ ਵਾਲਾ ਹੈ ਰੱਬ ਜਾਣੇ।

**"ਇਬਤਦਾਇ ਇਸ਼ਕ ਹੈ ਰੋਤਾ ਹੈ ਕਿਆ, ਆਗੇ ਆਗੇ ਦੇਖੀਏ ਹੋਤਾ ਹੈ ਕਿਆ।"**

ਅੱਗੋਂ ਸ਼ਾਇਦ ਕੇਵਲ ਜਪੁਜੀ ਸਾਹਿਬ ਜਾਂ ਅਨੰਦ ਸਾਹਿਬ ਦੀਆਂ ਛੇ ਪੌੜੀਆਂ ਨਾਲ ਜਾਂ ਉਸ ਤੋਂ ਵੀ ਅੱਗੇ ਹੋਰ ਸ਼ਾਰਟ ਕੱਟ ਕਰਕੇ ਮੂਲ ਮੰਤਰ ਨਾਲ ਹੀ ਕੰਮ ਸਾਰ ਲਿਆ ਜਾਵੇ।

ਸਿੱਖ ਕੌਮ ਲਈ ਇਹ ਸਭ ਤੋਂ ਵੱਡੇ ਭਾਗਾਂ ਦੀ ਗੱਲ ਹੈ ਕਿ ਸਾਡੇ ਕੋਲ ਇਤਨਾ ਵੱਡਾ ਸਿਧਾਂਤ ਅਤੇ ਬਾਣੀ ਦੇ ਗਿਆਨ ਦਾ ਖਜ਼ਾਨਾ ਹੈ, ਜੋ ਕਿਸੇ ਹੋਰ ਕੋਲ ਨਹੀਂ ਹੈ। ਪਰ ਅਸੀਂ ਇਸ ਦਾ ਜਿੰਨਾ ਲਾਭ ਉਠਾਉਣਾ ਚਾਹੀਦਾ ਸੀ ਨਹੀਂ ਉਠਾ ਸਕੇ। ਅਸੀਂ ਗੁਰਬਾਣੀ ਰਾਹੀਂ ਗੁਰਮਤਿ ਦੀ ਸੁਚੱਜੀ ਜੀਵਨ ਜਾਚ ਤੋਂ ਅਵੇਸਲੇ ਹੋ ਕੇ ਇਸ ਨੂੰ ਇੱਕ ਰਸਮ ਵਜੋਂ ਲੈਂਦੇ ਹਾਂ।

ਚਲੋ ਖੈਰ ਵਿਸ਼ੇ ਵੱਲ ਆਈਏ। ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜ਼ਿੰਦਗੀ ਅੰਦਰ ਸੁਖ ਅਤੇ ਦੁਖ ਸਦਾ ਹੀ ਆਉਂਦੇ ਰਹਿੰਦੇ ਹਨ।

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ, **"ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥"**(ਪੰਨਾ ੧੪੯)

ਉੱਤਮ ਪੁਰਸ਼ ਉਹ ਹੈ ਜਿਹੜਾ ਇਨ੍ਹਾਂ ਦੇ ਅਸਰ ਹੇਠ ਆਕੇ ਆਪਣਾ ਸੰਤੁਲਨ ਨਹੀ ਗੁਆਉਂਦਾ, ਉਹ ਤੱਤ ਗਿਆਨੀ ਸਹਿਜ ਵਾਲਾ ਸੰਤੁਲਿਤ ਜੀਵਨ ਬਸਰ ਕਰਕੇ ਪਰਮ ਸੁਖ ਦਾ ਰਸ ਮਾਣਦਾ ਹੈ।

ਗੁਰਮਤਿ ਵਿੱਚ ਸੁਖ ਅਤੇ ਆਨੰਦ ਸਮਾਰਥੀ ਸ਼ਬਦ ਹੀ ਹਨ। ਦੋਹਾਂ ਦਾ ਅਰਥ ਇਕੋ ਹੀ ਹੈ। ਸੁਖਮਨੀ ਸਾਹਿਬ ਦੇ ਆਰੰਭ ਵਿੱਚ ਹੀ ਇਹ ਤੁਕ ਆਉਂਦੀ ਹੈ।

**(ਬਾਕੀ ਅਗਲੇ ਅੰਕ ਵਿਚ ਪੜ੍ਹੋ ਜੀ)**

# ਵਿਸ਼ਵ ਦਾ ਨਿਰਾਲਾ ਗ੍ਰੰਥ- ਗੁਰੂ ਗ੍ਰੰਥ ਸਾਹਿਬ ਜੀ: ਭਾਗ 1

## (ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਤ)

ਜਸਵਿੰਦਰ ਸਿੰਘ ਰੁਪਾਲ (9814715796)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨੁੱਖਤਾ ਦਾ ਚਾਨਣ ਮੁਨਾਰਾ ਅਤੇ ਸਰਬ ਸਾਂਝਾ ਗ੍ਰੰਥ ਵਜੋਂ ਜਾਣਿਆ ਜਾਂਦਾ ਹੈ। ਅਤੇ ਖਾਲਸਾ ਪੰਥ ਨਿਆਰਾ ਪੰਥ ਵਜੋਂ ਪ੍ਰਸਿੱਧ ਹੈ। ਪਰ ਸਾਡਾ ਵਿਚਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਇੱਕ ਨਿਆਰਾ ਗ੍ਰੰਥ ਵੀ ਹੈ ਅਤੇ ਖਾਲਸਾ ਪੰਥ ਸਰਬ ਸਾਂਝਾ ਪੰਥ ਵੀ ਹੈ। ਅਸੀਂ ਆਪਣੇ ਇਸ ਦੇ ਪਹਿਲੇ ਭਾਗ ਤੇ ਵਿਚਾਰ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਾਲੇਪਣ ਬਾਰੇ ਗੱਲ ਕਰਾਂਗੇ। (ਸਰਬ ਸਾਂਝਾ ਖਾਲਸਾ ਪੰਥ ਬਾਰੇ ਵਿਚਾਰ ਇੱਕ ਵੱਖਰੇ ਲੇਖ ਵਿਚ ਕਰਾਂਗੇ)

ਕਿਸੇ ਵੀ ਵਸਤੂ ਵਿਅਕਤੀ ਜਾਂ ਵਰਤਾਰੇ ਨੂੰ ਨਿਰਾਲਾ ਕਦੋਂ ਕਿਹਾ ਜਾਂਦਾ ਹੈ?? ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ, ਮਹਾਨ ਕੋਸ਼ ਵਿੱਚ ਨਿਰਾਲਾ ਸ਼ਬਦ ਦੇ ਅਰਥ ਇਉਂ ਕਰਦੇ ਹਨ:

**"ਭਿੰਨ ਪ੍ਰਕਾਰ ਦਾ ਜੁਦਾ, ਜੁਦੀ, "ਭਗਤਾ ਕੀ ਚਾਲ ਨਿਰਾਲੀ" (ਅਨੰਦ); ਏਕਾਂਤ; ਵਿਲੱਖਣ ਅਜੀਬ; ਜਿਸ ਦੇ ਮੁਕਾਬਲੇ ਦੂਸਰਾ ਨਹੀਂ ਅਦ੍ਵੀਤਯ (ਅਦੁੱਤੀ)"**

ਸੋ ਨਿਰਾਲਾ ਦਾ ਭਾਵ ਹੈ, ਦੂਜੇ ਉਸ ਵਰਗਿਆਂ ਨਾਲੋਂ ਭਿੰਨ। ਅਸੀਂ ਗ੍ਰੰਥ ਦੀ ਗੱਲ ਕਰ ਰਹੇ ਹਾਂ। ਸਾਰੇ ਧਰਮਾਂ ਦੇ ਸਾਰੇ ਗ੍ਰੰਥ ਸਤਿਕਾਰਯੋਗ ਹਨ, ਪਵਿੱਤਰ ਹਨ ਅਤੇ ਪੂਜਣਯੋਗ ਹਨ। ਅਸੀਂ ਦੇਖਾਂਗੇ ਕਿ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਦੂਸਰੇ ਗ੍ਰੰਥਾਂ ਨਾਲੋਂ ਭਿੰਨ ਹਨ। ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਕੋਈ ਦੂਸਰਾ ਗ੍ਰੰਥ ਨਹੀਂ?? ਆਓ ਵਿਚਾਰ ਕਰੀਏ:



ਸ੍ਰ. ਜਸਵਿੰਦਰ ਸਿੰਘ ਰੁਪਾਲ

### ਗ੍ਰੰਥਾਂ ਦੇ ਕਰਤਾ ਅਤੇ ਲਿਖਣ ਕਾਲ

ਸਭ ਤੋਂ ਪਹਿਲਾਂ ਮਹੱਤਵਪੂਰਨ ਹੈ ਕਿ ਉਸ ਗ੍ਰੰਥ ਨੂੰ ਕਿਸ ਨੇ ਲਿਖਿਆ ਹੈ ਅਤੇ ਕਦੋਂ। ਵੱਖ ਵੱਖ ਮੁੱਖ ਪ੍ਰਚੱਲਿਤ ਧਰਮਾਂ ਦੇ ਗ੍ਰੰਥ ਅਤੇ ਉਹਨਾਂ ਦੇ ਲੇਖਕ ਇੰਝ ਹਨ-

**ਹਿੰਦੂ ਧਰਮ**: ਹਿੰਦੂ ਧਰਮ ਦੇ ਗ੍ਰੰਥ ਕਾਫੀ ਜ਼ਿਆਦਾ ਹਨ ਜਿਵੇਂ ਵੇਦ, ਪੁਰਾਣ, ਸਿਮਰਤੀਆਂ ਆਦਿ। ਵੇਦ ਚਾਰ ਹਨ ਜੋ ਰਿਗ ਵੇਦ, ਯਜੁਰ ਵੇਦ, ਅਥਰਵ ਵੇਦ ਅਤੇ ਸਾਮ ਵੇਦ ਹਨ। ਇਹਨਾਂ ਦਾ ਕਰਤਾ ਵਿਆਸ ਰਿਸ਼ੀ ਨੂੰ ਮੰਨਿਆ ਗਿਆ ਹੈ ਪਰ ਇਸ ਗੱਲ ਦੇ ਭਰੋਸੇਯੋਗ ਪ੍ਰਮਾਣ ਨਹੀਂ ਹਨ। ਬਹੁਤ ਜਿਆਦਾ ਪੁਰਾਤਨ ਹੋਣ ਕਾਰਨ ਕੋਈ ਵੀ ਗੱਲ ਲਿਖਤੀ ਸਬੂਤਾਂ ਦੇ ਅਧਾਰ ਤੇ ਨਹੀਂ ਕਹਿ ਸਕਦੇ। ਸਤਿਯੁਗ ਦੁਆਪਰ ਤ੍ਰੇਤਾ ਯੁੱਗਾਂ ਤੋਂ ਹੁਣ ਤੱਕ ਕਿਸੇ ਵੀ ਵਸਤੂ ਦਾ ਹੂਬਹੂ ਪ੍ਰਾਪਤ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਰਿਸ਼ੀਆਂ ਮੁਨੀਆਂ ਦਾ ਬਹੁਤਾ ਗਿਆਨ ਮੌਖਿਕ ਹੁੰਦਾ ਸੀ ਲਿਖਤੀ ਨਹੀਂ। ਦੂਸਰੀ ਗੱਲ ਕਿ ਜਦੋਂ ਉਹ ਨਾਇਕ ਵਿਚਰੇ ਜਿਵੇਂ ਰਾਮ ਚੰਦਰ ਜੀ, ਕ੍ਰਿਸ਼ਨ ਜੀ ਆਦਿ, ਨਾ ਤਾਂ ਇਹ ਗ੍ਰੰਥ ਉਹਨਾਂ ਨੇ ਆਪੀ ਲਿਖੇ ਹਨ ਅਤੇ ਨਾ ਹੀ ਇਹ ਗ੍ਰੰਥ ਉਹਨਾਂ ਦੇ ਆਪਣੇ ਸਮੇਂ ਵਿਚ ਨਹੀਂ ਲਿਖੇ ਗਏ। ਉਹ ਘਟਨਾ ਬੀਤ ਜਾਣ ਤੇ ਸ਼ਰਧਾਲੂਆਂ ਦੁਆਰਾ ਬਾਅਦ ਵਿੱਚ ਲਿਖੇ ਗਏ। ਜਿਵੇਂ

ਬਾਲਮੀਕੀ ਰਾਮਾਇਣ ਨੂੰ ਵਾਪਰਨ ਤੋਂ ਬਹੁਤ ਸਮਾਂ ਪਹਿਲਾਂ ਲਿਖਿਆ ਮੰਨਿਆ ਜਾਂਦਾ ਹੈ। ਦੋਹਾਂ ਹੀ ਹਾਲਤਾਂ ਵਿਚ ਸਚਾਈ ਦੀ ਭਰੋਸੇਯੋਗਤਾ ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ।

**ਇਸਲਾਮ ਧਰਮ**: ਇਸਲਾਮ ਧਰਮ ਦੇ ਮੁਖੀ ਹਜ਼ਰਤ ਮੁਹੰਮਦ ਸਾਹਿਬ ਸਨ। ਕੁਰਾਨ ਸ਼ਰੀਫ ਉਨ੍ਹਾਂ ਦਾ ਮੁੱਖ ਗ੍ਰੰਥ ਹੈ। ਇਸ ਬਾਰੇ ਇਹ ਪ੍ਰਚੱਲਿਤ ਹੈ ਕਿ ਅੱਲਾਹ ਨੇ ਜਿਬਰਾਈਲ ਫਰਿਸ਼ਤੇ ਦੁਆਰਾ ਇਸ ਦਾ ਇਲਹਾਮ ਹਜ਼ਰਤ ਮੁਹੰਮਦ ਨੂੰ ਸੁਣਾਇਆ ਸੀ। ਇਹ ਇਲਹਾਮ 610 ਈਸਵੀ ਪੂਰਵ ਤੋਂ 623 ਈਸਵੀ ਪੂਰਵ ਤੱਕ ਹੋਇਆ ਪਰ ਇਹ ਗ੍ਰੰਥ ਹਜ਼ਰਤ ਮੁਹੰਮਦ ਸਾਹਿਬ ਦੇ ਜਿਊਂਦੇ ਹੋਏ ਪੁਸਤਕ ਰੂਪ ਵਿਚ ਨਹੀਂ ਆਇਆ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ 633 ਈਸਵੀ ਪੂਰਵ ਵਿਚ ਪੁਸਤਕ ਰੂਪ ਵਿਚ ਹੋਇਆ।

**ਬੁੱਧ ਧਰਮ**: ਬੁੱਧ ਧਰਮ ਦੇ ਗ੍ਰੰਥ ਸੁਤ ਪਿਟਕ, ਵਿਨੈ ਪਿਟਕ ਅਤੇ ਅਭਿਧਮ ਪਿਟਕ ਹਨ। ਇਨ੍ਹਾਂ ਗ੍ਰੰਥਾਂ ਵਿਚ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਦਾ ਵਰਨਣ ਹੈ, ਪਰ ਇਹ ਗ੍ਰੰਥ ਬੁੱਧ ਦੇ ਸ਼ਾਗਿਰਦਾਂ ਦੁਆਰਾ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਲਿਖਿਆ ਹੈ।

**ਗੁਰੂ ਗ੍ਰੰਥ ਸਾਹਿਬ**: ਗੁਰੂ ਨਾਨਕ ਜੀ ਆਪਣੀਆਂ ਉਦਾਸੀਆਂ ਸਮੇਂ ਆਪਣੇ ਨਾਲ ਇਕ ਪੋਥੀ ਰੱਖਦੇ ਸਨ, ਜਿਸ ਵਿਚ ਉਹ ਆਪ ਆਪਣੀ ਲਿਖੀ ਹੋਈ ਬਾਣੀ ਅਤੇ ਭਗਤਾਂ ਦੀ ਬਾਣੀ ਜੋ ਉਹ ਵੱਖ ਵੱਖ ਥਾਵਾਂ ਤੋਂ ਇੱਕਤਰ ਕਰ ਰਹੇ ਸਨ, ਉਹ ਉਤਾਰ ਰਹੇ ਸਨ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ--

**“ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ॥ ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ॥”** (ਭਾਈ ਗੁਰਦਾਸ ਜੀ, ਵਾਰ ੧ ਪਉੜੀ ੩੨)

ਇਸ ਤਰਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਨੂੰ ਆਪ ਲਿਖਿਆ ਅਤੇ ਗੱਦੀ ਦੇਣ ਸਮੇਂ ਇਹ ਪੋਥੀ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਲਿਖੀ ਬਾਣੀ ਇਸ ਵਿਚ ਸ਼ਾਮਲ ਕਰਕੇ ਅੱਗੋਂ ਇਹ ਪੋਥੀ ਤੀਸਰੇ ਗੁਰੂ ਅਮਰਦਾਸ ਜੀ ਨੂੰ ਦਿੱਤੀ। ਇਸ ਤਰਾਂ ਹੀ ਚੱਲਦਾ ਗਿਆ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਬਾਣੀ ਨੂੰ ਤਰਤੀਬ ਦੇ ਕੇ ਆਦਿ ਗ੍ਰੰਥ ਦੇ ਰੂਪ ਵਿਚ ਸੰਕਲਿਤ ਕੀਤਾ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀਂ ਦੀ ਬਾਣੀ ਸ਼ਾਮਲ ਕੀਤੀ ਅਤੇ ਇਸਨੂੰ ਗੁਰੂ ਗ੍ਰੰਥ ਸਾਹਿਬ ਆਖਿਆ ਜਾਣ ਲੱਗਿਆ। ਇਸ ਤਰਾਂ ਗੁਰੂ ਸਾਹਿਬਾਨ ਨੇ ਸਾਰੀ ਬਾਣੀ ਆਪਣੇ ਹੱਥੀਂ ਆਪਣੇ ਜੀਵਨ ਕਾਲ ਦੌਰਾਨ ਹੀ ਲਿਖੀ। ਭਗਤਾਂ ਦੀ ਇੱਕਠੀ ਕੀਤੀ ਗਈ ਬਾਣੀ ਵੀ, ਕਿਉਂਕਿ ਉਹਨਾਂ ਦੀ ਗੱਦੀ ਤੇ ਜੋ ਵੀ ਉਸ ਸਮੇ ਬੈਠਾ ਸੀ ਉਸ ਤੋਂ ਪ੍ਰਾਪਤ ਕੀਤੀ ਹੋਣ ਕਾਰਨ ਭਰੋਸੇਯੋਗ ਮੰਨੀ ਜਾ ਸਕਦੀ ਹੈ।

### ਗ੍ਰੰਥਾਂ ਦੀ ਭਾਸ਼ਾ

ਹਿੰਦੂਆਂ ਦੇ ਸਾਰੇ ਦੇ ਸਾਰੇ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਹਨ। ਜੋ ਕਿ ਆਮ ਲੋਕਾਂ ਨੂੰ ਨਹੀਂ ਆਉਂਦੀ। ਇਸ ਲਈ ਜਣ ਸਧਾਰਨ ਸੰਸਕ੍ਰਿਤ ਦੇ ਵਿਦਵਾਨ ਪੰਡਿਤਾਂ ਅਤੇ ਪੁਜਾਰੀਆਂ ਦੇ ਮੁਹਤਾਜ ਹੋ ਜਾਂਦੇ ਰਹੇ। ਪੰਡਿਤਾਂ ਵਲੋਂ ਜਨ ਸਾਧਾਰਨ ਦੀ ਕੀਤੀ ਜਾਂਦੀ ਲੁੱਟ ਦਾ ਇੱਕ ਕਾਰਨ ਇਹ ਵੀ ਬਣਿਆ ਹੋਇਆ ਹੋਏਗਾ।

ਇਸਲਾਮਿਕ ਗ੍ਰੰਥਾਂ ਦੀ ਮੁਖ ਭਾਸ਼ਾ ਅਰਬੀ ਹੈ। ਇਸ ਲਈ ਹਰ ਮੁਸਲਮਾਨ ਨੂੰ ਅਰਬੀ ਸਿੱਖਣੀ ਹੀ ਪੈਂਦੀ ਹੈ, ਜੇ ਉਨ੍ਹਾਂ ਨੇ ਕੁਰਾਨ ਪੜ੍ਹਨੀ ਹੈ ਤਾਂ।

ਸਿੱਖ ਧਰਮ ਦੇ ਗ੍ਰੰਥ ਗੁਰੂ ਸਾਹਿਬਾਨ ਨੇ ਪੂਰੇ ਦੇ ਪੂਰੇ ਲੋਕ ਬੋਲੀ ਵਿਚ ਲਿਖੇ/ਲਿਖਵਾਏ। ਗੁਰੂ ਗ੍ਰੰਥ ਸਾਹਿਬ ਜੀ ਦੀ ਲਿਪੀ ਭਾਵੇ ਗੁਰਮੁਖੀ ਹੈ, ਜੋ ਪੰਜਾਬ ਦੀ ਲੋਕ ਬੋਲੀ ਪੰਜਾਬੀ ਦੀ ਲਿਪੀ ਹੈ।

ਪਰ ਉਂਝ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ ਵੱਖ ਭਾਸ਼ਾਵਾਂ ਦਾ ਇੱਕ ਵਧੀਆ ਗੁਲਦਸਤਾ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਗੁਰੂ ਸਾਹਿਬ ਜਿੱਥੇ ਵੀ ਗਏ, ਉੱਥੇ ਦੀ ਬੋਲੀ ਦੇ ਸ਼ਬਦ ਉਨ੍ਹਾਂ ਦੀ ਬਾਣੀ ਵਿਚ ਆਉਂਦੇ ਗਏ। ਇਸ ਤਰਾਂ ਇਹ ਗ੍ਰੰਥ ਲੋਕ-ਮਨ ਦੇ ਜ਼ਿਆਦਾ ਨੇੜੇ ਹੈ।

## ਇੱਕੋ ਇੱਕ ਗ੍ਰੰਥ -ਗੁਰੂ ਗ੍ਰੰਥ

ਸਾਰੇ ਸੰਸਾਰ ਵਿੱਚ, ਸਾਰੇ ਧਰਮਾਂ ਵਿਚੋਂ ਇਹ ਇੱਕੋ ਇੱਕ ਅਜਿਹਾ ਗ੍ਰੰਥ ਹੈ, ਜਿਸ ਨੂੰ ਗੁਰੂ ਦਾ ਦਰਜਾ ਹਾਸਿਲ ਹੈ। ਇਸ ਦੇ ਨਾਮ ਤੇ ਜਾਇਦਾਦ ਰਜਿਸਟਰ ਕਰਵਾਈ ਜਾ ਸਕਦੀ ਹੈ ਅਤੇ ਅਦਾਲਤਾਂ ਨੇ ਵੀ ਜੀਵਤ-ਗੁਰੂ ਦਾ ਦਰਜਾ ਦੇਣਾ ਪ੍ਰਵਾਨ ਕਰ ਲਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਨੂੰ ਗੁਰੂ ਮੰਨਣ ਦੇ ਆਦੇਸ਼ ਤੇ ਸਿੱਖਾਂ ਨੇ ਫੁੱਲ ਚੜ੍ਹਾਏ ਹਨ। ਬਹੁਤ ਜਿਆਦਾ ਸਤਿਕਾਰ ਗੁਰੂ ਸਾਹਿਬ ਦੇ ਸਮੇਂ ਤੋਂ ਅੱਜ ਤੱਕ ਇਸ ਗ੍ਰੰਥ ਨੂੰ ਦਿੱਤਾ ਗਿਆ ਹੈ, ਜਿਸ ਦਾ ਇਹ ਹੱਕਦਾਰ ਵੀ ਹੈ। ਇਸ ਇੱਕੋ ਇੱਕ ਗ੍ਰੰਥ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਅਨੇਕਾਂ ਸਿੰਘਾਂ ਨੇ ਆਪਣੀਆਂ ਜਿੰਦਗੀਆਂ ਦੀ ਆਹੂਤੀ ਦਿੱਤੀ ਹੈ ਅਤੇ ਇਸ ਤੇ ਵਾਰ ਕਰਨ ਵਾਲੇ ਦੀ ਜਾਨ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ।

(ਬਾਕੀ ਅਗਲੇ ਅੰਕ ਵਿਚ ਪੜਨ ਦੀ ਕਿਰਪਾ ਕਰੋ ਜੀ)

# ਲੇਖਕਾਂ ਲਈ ਜ਼ਰੂਰੀ ਜਾਣਕਾਰੀ (Important Information for Authors)

**ਮੈਗਜ਼ੀਨ ਦੀ ਨੀਤੀ:** ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਰਾਜਨੀਤਕ, ਗੈਰਨਿੱਜੀ ਲੇਖ/ਕਵਿਤਾਵਾਂ ਸਮੀਖਿਆ ਕਰਵਾ ਕੇ ਛਾਪਣਾ।

1. ਸੰਪਾਦਕੀ ਮੰਡਲ ਲੇਖਕਾਂ ਦੇ ਵਿਚਾਰਾਂ ਲਈ ਜ਼ੁੰਮੇਵਾਰ ਨਹੀਂ, ਜ਼ੁੰਮੇਵਾਰੀ ਕੇਵਲ ਲੇਖਕਾਂ ਦੀ ਹੈ।
2. ਲਿਖਤ ਪੰਜਾਬੀ (ਅਨਮੋਲ ਲਿਪੀ), ਅੰਗਰੇਜ਼ੀ (ਟਾਈਮਜ਼ ਨਿਊ ਰੋਮਨ) ਵਰਡ-14 ਫੌਂਟ ਵਿਚ।
3. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਬਿਲਕੁਲ ਨਾ ਹੋਵੇ।
4. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
5. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ਈਮੇਲ, ਵੱਟਸਐਪ, ਸੰਖੇਪ ਜਾਣਕਾਰੀ ਦੇਣ।
6. ਲੇਖ ਦੀ ਕੁਲ ਲੰਬਾਈ ਲੈਪਟਾਪ ਦੇ ਦੋ ਪੰਨੇ-800 ਸ਼ਬਦ (ਫੋਟੋ ਸਮੇਤ, ਜੇ ਚਾਹੋ) ਹੋਣ।
7. ਲੰਮੇ ਲੇਖ ਸਾਡੇ ਵੈੱਬਸਾਈਟ (*sanjihivirasat.org*) 'ਬਲੌਗ' ਤੇ ਜਾਂ ਲੜੀਵਾਰ ਛਾਪੇ ਜਾਣਗੇ।
8. ਲੇਖਕਾਂ/ਕਵੀਆਂ ਦੀ ਜ਼ਿਮੇਵਾਰੀ ਹੈ ਕਿ '**Copyright Infringement**' ਨਾ ਹੋਵੇ।
9. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਅਤੇ ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਪੰਨਾ ਦਿਓ।
10. ਗੁਰਬਾਣੀ ਲਈ ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਜ਼ਰੂਰੀ ਹੈ।
11. ਲੇਖਕ ਇਹ ਯਕੀਨੀ ਬਨਾਉਣ ਕਿ ਗੁਰਬਾਣੀ ਦੇ ਸ਼ਬਦ, ਵਾਕ, ਪੰਗਤੀਆਂ ਦੇ ਸਪੈਲਿੰਗ ਤੇ ਲਗਾਂ ਮਾਤਰਾਂ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੇ ਅਨੁਸਾਰ ਹੋਣ।

**Magazine Policy**: To Promote Punjabi Culture, History & Heritage, by Secular, Non-Political, Non-Personal Articles/Poems, after Review

1. **Editorial Board** will not be responsible for the views of Authors /Poets.
2. **Font size 14**: Panjabi - Anmol Lipi Heavy; English -Times New Roman.
3. **Spacing, margin**: Line-to-line 1.0, One Inch Margins on all four sides.
4. **Format -WORD only**: No PDF, Photocopy, Printscreen, Snip, Office-Lens.
5. **Author's Data**: Name, City (Country), Brief (own) Introduction.
6. **Author's Contact**: Phone, e-mail, or WhatsApp. (Photo is optional).
7. **Maximum Length**: Two pages (Including Photo) / 800 words.
8. **Longer Articles**: On blog Website ***(sanjhivirasat.org)*** / serialized.
9. **Copy right (CR)**: Authors will certify there is No CR Infringement.
10. **References/Photo**: Source (Author, Title, Journal/Book, Year, Pages).
11. **Gubani Quotes**: Please double check that page number, spellings and vowel signs (lagaan matraan) are according to written in Guru Granth Sahib.

# ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## (ਸਵਰਗਵਾਸੀ ਪ੍ਰੋ. ਡਾ. ਸੁਰਜੀਤ ਸਿੰਘ ਭੱਟੀ – Emereitus ਸੰਸਥਾਪਕ ਸੰਪਾਦਕ)

| | | |
|---|---|---|
| 1. | ਡਾ. ਕਾਬਲ ਸਿੰਘ (ਮੁੱਖ ਸੰਪਾਦਕ) | ਐਡਮਿੰਟਨ (ਕੈਨੇਡਾ) |
| 2. | ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 3. | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 4. | ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 5. | ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. | ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. | ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. | ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ) |
| 9. | ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| 10. | ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| 11. | ਡਾ. ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| 12. | ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਸਲਾਹਕਾਰ (ਸਾਂਝੀ ਵਿਰਾਸਤ)

| | | |
|---|---|---|
| 1. | ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. | ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. | ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. | ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| 5. | ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| 6. | ਸਰਦਾਰਨੀ ਅੰਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| 7. | ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| 8. | ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

# ਸੰਪਾਦਕੀ ਬੋਰਡ




ਪ੍ਰੋਫ਼ੈਸਰ (ਡਾ). ਸੁਰਜੀਤ ਸਿੰਘ ਭੱਟੀ
Founding/ਸੰਸਥਾਪਕ ਸੰਪਾਦਕ



ਡਾ. ਕਾਬਲ ਸਿੰਘ
ਮੁੱਖ ਸੰਪਦਕ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਰਾਜਬੀਰ ਸਿੰਘ ਭੱਟੀ



ਸ. ਜਗਬੀਰ ਸਿੰਘ ਕੋਹਲੀ



ਡਾ. ਰਾਜਾ ਬਲਰਾਜ ਸਿੰਘ



ਸ. ਜਸਵਿੰਦਰ ਸਿੰਘ ਰੁਪਾਲ



ਸ. ਪਰਮਜੀਤ ਸਿੰਘ



ਸ. ਉਂਕਾਰ ਸਿੰਘ ਟਿਵਾਣਾ



ਡਾ. ਬਲਦੇਵ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ. ਯੁਵਰਾਜ ਸਿੰਘ



ਸ. ਰਣਸ਼ੇਰ ਰਾਜ ਸਿੰਘ

# ਸ਼ਲਾਹਕਾਰ ਬੋਰਡ







ਡਾ. ਕਾਲਾ ਸਿੰਘ

ਡਾ. ਡੀ. ਪੀ. ਸਿੰਘ

ਡਾ. ਜਗਜੀਤ ਸਿੰਘ

ਡਾ. ਦਵਿੰਦਰ ਸਿੰਘ ਸੇਖੋਂ






ਸ੍ਰ. ਕਰਮਜੀਤ ਸਿੰਘ ਨੂਰ

ਅਮ੍ਰਿਤਪਾਂਲ ਕੌਰ

ਰਿਸ਼ੀ ਨਾਗਰ

Ransher Raj Singh
(Technical Astt.)